Panacea Biotec
Innovation in support of life

31st October, 2017

The Manager, Listing Department
National Stock Exchange of India Ltd.
Exchange Plaza, Bandra Kurla Complex,
Bandra (E), Mumbai – 400 051
Fax No.:022-26598237 / 38
NSE Symbol: PANACEABIO

Bombay Stock Exchange Ltd.
Phiroze Jeejeebhoy Towers,
Dalal Street,
Mumbai – 400 001
Fax No.:022–22721919, 3121
BSE Scrip Code: 531349

Reg.: Submission of Notice for the attention of equity shareholders in respect of transfer of equity shares to DEMAT Account of Investor Education and Protection Fund ("IEPF") Authority

Dear Sir/Madam,

We hereby inform that pursuant to Investor Education and Protection Fund Authority (Accounting, Audit, Transfer and Refund) Second Amendment Rules, 2017, the Company has published today i.e. 31st October, 2017, a notice for the attention of equity shareholders of the Company in respect of proposed transfer of equity shares of the Company to DEMAT Account of IEPF Authority in the Business Standard newspaper (All Editions) in English and Desh Sewak (Chandigarh Edition) in Punjabi, informing them about the revised due date viz. 31st October, 2017 for such transfer of shares.

Copies of the said publications are enclosed for your kind information and record please.

Thanking you,
Sincerely yours,

for **Panacea Biotec Ltd.**

Panacea Biotec Ltd. New Delhi-110044 Panacea Biotec Innovation in support of life

Vinod Goel
Group CFO and Head Legal
& Company Secretary

B1 Extn. /G3, Mohan Co-op Indl. Estate,
Mathura Road, New Delhi -110044
Email: vinodgoe@panaceabiotec.com
Phone: D.I.D. +91-11-4167 9015
Fax: +91-11-4167 9070

Business Standard
31.10.2017

Panacea Biotec
Innovation in support of life

Panacea Biotec Limited

(CIN: L33117PB1984PLC022350)
Regd. Office: Ambala-Chandigarh Highway, Lalru-140 501, Punjab
Corp. Office: B-1 Extn./G-3, Mohan Co-operative Indl. Estate, Mathura Road, New Delhi - 110 044,
Website: www.panaceabiotec.com, **E-mail:** companysec@panaceabiotec.com
Tel: +91 11 41679000, **Fax:** +91 11 41679070

NOTICE
(for the attention of Equity Shareholders of the Company)

Transfer of Equity Shares of the Company to DEMAT Account of the Investor Education and Protection Fund (IEPF) Authority

Ministry of Corporate Affairs ('MCA') had notified the Investor Education and Protection Fund Authority (Accounting, Audit, Transfer and Refund) Rules, 2016 ('Rules') on September 05, 2016 providing for the transfer of the Equity Shares to IEPF Suspense Account in respect of which dividend has not been paid or claimed for seven consecutive years or more. As per the said Rules, the Company had sent an individual communication dated November 14, 2016 to those shareholders whose shares were liable to be transferred to IEPF and had not claimed the dividends for seven consecutive years starting from the Financial Year 2009-10 requesting them to claim the same. The Company had also uploaded the details of the shareholders whose shares were liable to be transferred to IEPF on its website at http://www.panacea-biotec.com/unpaiddividend.html.

Pursuant to the said Rules, the Company had also published the Notices in the Business Standard in English language and Desh Sewak in Punjabi language on November 15, 2016 and November 16, 2016 respectively to that effect.

The said Rules were amended by MCA vide its Notification dated February 28, 2017 wherein amongst others, the procedure for transfer of shares had been revised and the equity shares in respect of which dividend entitlements have remained unclaimed or unpaid for seven consecutive years or more, were required to be credited by the Company to DEMAT Account of the IEPF Authority. In terms of the amended Rules, the Company had published a fresh advertisement in Business Standard & Desh Sewak on March 30, 2017, informing the shareholders about the revised procedure for transfer of shares to IEPF as well as indicating that the due date for transferring the shares in the said DEMAT Account is May 31, 2017.

However, pending the modalities for effecting the transfer / transmission of the shares from the companies to the DEMAT Account of IEPF, MCA had indicated that the due date for effecting such transfer would be notified soon.

Now, the MCA has vide its Notification dated October 13, 2017 notified the Investor Education and Protection Fund Authority (Accounting, Audit, Transfer and Refund) Second Amendment Rules, 2017. As per the Amended Rules, the due date for transfer of equity shares in respect of dividend pertaining to the Financial Year 2009-10 is October 31, 2017.

The Company had sent individual communications dated October 14, 2017, inter-alia, to those shareholders whose shares were liable to be transferred to IEPF and had not claimed the dividends for seven consecutive years starting from the Financial Year 2009-10 requesting them to claim the same.

Notice is given to the shareholders that the Company will proceed to initiate action for transfer of the shares of the concerned shareholders whose dividend remained unclaimed/unpaid for FY 2009-10 onwards, within 30 days from due date i.e. October 31, 2017, without any further notice as per the Amended Rules.

As per the Amended Rules, the concerned shareholders holding the shares in physical form and whose shares are liable to be transferred to IEPF, may please note that the Company would be issuing new Share Certificate(s) in lieu of the Original Certificate(s) held by them for the purpose of conversion into DEMAT form and subsequent transfer in DEMAT accounts opened by the IEPF Authority with NSDL and CDSL through Punjab National Bank and SBICAP Securities Limited respectively. Upon such issue, the Original Share Certificate(s) which are registered in your name(s) will stand automatically cancelled and be deemed non-negotiable. Further, the concerned shareholders who are holding shares in demat form may please note that the transfer of shares in DEMAT accounts of the IEPF Authority as indicated hereinbefore will be effected by the Company through the respective Depository by way of corporate action.

The Shareholders may please note that the above details of updated list of such shareholders uploaded by the Company on its website should be regarded and shall be deemed to be adequate notice in respect of issue of new Share Certificate for the purpose of transfer of shares to DEMAT Account(s) of the IEPF Authority pursuant to the Amended Rules.

Any further Dividend on such shares shall be credited to the IEPF. The concerned shareholders may further note that upon credit of such shares to the said DEMAT Account, no claim shall lie against the Company in respect of the unclaimed dividend amount and the shares transferred to IEPF Demat Account. However, shareholder(s) may claim back the shares credited along with the unclaimed dividend amount from IEPF Authority after following the procedure prescribed by the IEPF Rules. The procedure for claiming the same is available at www.mca.gov.in and www.iepf.gov.in.

In case the shareholder(s) have any query on the subject matter and the IEPF Rules, they may contact the Company at B-1 Extn./G-3, Mohan Co-operative Indl. Estate, Mathura Road, New Delhi - 110 044, Tel: +91 11 41679000, Fax: +91 11 41679070, E-mail:companysec@panaceabiotec.com or the Company's Registrar and Transfer Agent at M/s Skyline Financial Services Pvt. Ltd., D-163-A, Ist Floor, Okhla Industrial Area, Phase-I, New Delhi- 110 020. Tel :+91-11-64732661-88, 26812682-83, E-mail id- info@skylinerta.com.

For **Panacea Biotec Limited**

Place : New Delhi
Date : October 30, 2017

Vinod Goel
Group CFO and Head Legal & Company Secretary

ਬੇਦਖਲੀ ਸੂਚਨਾ

☛ ਮੈਂ, ਪ੍ਰੇਮ ਸਿੰਘ ਪੁੱਤਰ ਤਾਰਾ ਸਿੰਘ ਪਿੰਡ ਹਰੂਵਾਲ ਤਹਿਸੀਲ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਆਪਣੇ ਪੁੱਤਰ ਗੁਰਚਰਨਜੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪ ਜਿੰਮੇਵਾਰ ਹੋਵੇਗਾ।

☛ ਮੈਂ, ਸੁਖਦੇਵ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਕਰਤਾਰਪੁਰ (ਸ਼ਾਦੀਪੁਰਪੁਰ ਮੋਮੀਆਂ) ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ। ਸਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਨਾਮ ਦੀ ਬਦਲੀ

☛ ਮੈਂ, ਕੰਵਲਜੀਤ ਕੌਰ ਪਤਨੀ ਬਹਾਦਰ ਸਿੰਘ, ਪਿੰਡ ਸੇਖਦੌਲਤ, ਲੁਧਿਆਣਾ ਨੇ ਆਪਣਾ ਨਾਮ ਬਦਲ ਕੇ ਕਮਲਜੀਤ ਕੌਰ ਰੱਖ ਲਿਆ ਹੈ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

☛ ਦੇਸ਼ ਸੇਵਕ ਦੀ ਮੈਨੇਜਮੈਂਟ ਇਸ ਅਖ਼ਬਾਰ 'ਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਇਸ਼ਤਿਹਾਰ ਦੇਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਫ਼ੋਨ :
0172-2657256-57,
ਫੈਕਸ ਨੰ.:
0172-2657118
E-MAIL:-
deshadvt@gmail.com

ਪਬਲਿਕ ਨੋਟਿਸ

ਸਨਮੁੱਖ ਸ੍ਰੀ ਮਨੋਜ ਖੱਤਰੀ, ਐਚਸੀਐਸ ਅਸਿਸਟੈਂਟ ਅਸਟੇਟ ਆਫਿਸਰ, ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂ.ਟੀ., ਚੰਡੀਗੜ੍ਹ)



ਵਿਸ਼ਾ : ਮਕਾਨ ਨੰ. 48, ਸੈਕਟਰ 20ਏ, ਚੰਡੀਗੜ੍ਹ ਦੇ 100 ਫ਼ੀਸਦੀ ਹਿੱਸੇ ਦੇ ਮਲਕੀਅਤ ਹੱਕਾਂ ਨੂੰ ਰਜਿਸਟਰਡ ਵਸੀਅਤ 14.09.1992 ਰਾਹੀਂ ਸਵ.ਸ. ਨੈਬ ਸਿੰਘ ਅਤੇ ਅਣਰਜਿਸਟਰਡ ਵਸੀਅਤ ਸਵ. ਸ੍ਰੀਮਤੀ ਗੁਰਦਿਆਲ ਕੌਰ ਮਿਤੀ 1.12.2009 ਅਤੇ ਅਚਾਨਕ ਹੋਈ ਬਲਵੰਤ ਸਿੰਘ ਬੱਸੀ (ਆਰਪੀ 9493) ਦੀ ਮੌਤ ਨੂੰ ਆਧਾਰ ਬਣਾ ਕੇ ਤਬਾਦਲੇ ਸਬੰਧੀ।


ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਮੁਤਾਬਕ ਮਕਾਨ ਨੰ. 48, ਸੈਕਟਰ 20ਏ, ਚੰਡੀਗੜ੍ਹ ਦੇ 100 ਫ਼ੀਸਦੀ ਹਿੱਸਾ ਸ. ਨੈਬ ਸਿੰਘ ਦੇ ਨਾਂ ਬੋਲਦਾ ਹੈ। ਸ. ਸਤਵੰਤ ਸਿੰਘ ਤੇ ਹੋਰਾਂ ਦੇ ਦੱਸਣ ਅਨੁਸਾਰ ਉਪਰੋਕਤ 100 ਫ਼ੀਸਦੀ ਹਿੱਸਾ ਸ. ਨੈਬ ਸਿੰਘ ਦੇ ਨਾਂ ਬੋਲਦਾ ਹੈ, ਜੋ 12.07.2000 ਨੂੰ ਫੌਤ ਹੋ ਗਏ, ਇਕ ਅਣਰਜਿਸਟਰਡ ਵਸੀਅਤ 14.09.1992 ਦੇ ਆਧਾਰ 'ਤੇ ਆਪਣੇ ਪਿਛੇ ਕਾਨੂੰਨੀ ਵਾਰਸਾਂ ਲਈ ਛੱਡ ਗਏ ਹਨ। 1. ਸ. ਸਤਵੰਤ ਸਿੰਘ ਬੱਸੀ ਪੁੱਤਰ, 2. ਸ. ਬਲਵੰਤ ਸਿੰਘ ਬੱਸੀ ਪੁੱਤਰ, 3. ਸ੍ਰੀਮਤੀ ਗੁਰਦਿਆਲ ਕੌਰ ਪਤਨੀ, ਜਿਵੇਂ ਕਿ ਸ੍ਰੀਮਤੀ ਗੁਰਦਿਆਲ ਕੌਰ ਪਤਨੀ ਸ. ਨੈਬ ਸਿੰਘ ਬੱਸੀ ਲਾਭਪਾਤਰੀ 8.3.2010 ਨੂੰ ਫੌਤ ਹੋ ਗਏ ਅਤੇ ਆਪਣੇ ਪਿਛੇ ਅਣਰਜਿਸਟਰਡ ਵਸੀਅਤ ਮਿਤੀ 1.12.2009 ਅਨੁਸਾਰ ਹੇਠਾਂ ਲਿਖੇ ਕਾਨੂੰਨੀ ਵਾਰਸਾਂ ਲਈ ਛੱਡ ਗਏ ਹਨ। 1. ਸ. ਸਤਵੰਤ ਸਿੰਘ ਬੱਸੀ ਪੁੱਤਰ, 2. ਸ. ਇਦਰਜੀਤ ਸਿੰਘ ਬੱਸੀ ਪੋਤਰਾ, 3. ਸ. ਮਨਜੀਤ ਸਿੰਘ ਬੱਸੀ ਪੋਤਰਾ, 4. ਸ. ਸੁਖਜੀਤ ਸਿੰਘ ਬੱਸੀ ਪੋਤਰਾ। ਸ੍ਰੀ ਬਲਵੰਤ ਸਿੰਘ ਪੁੱਤਰ ਨੈਬ ਸਿੰਘ ਤੇ ਹੋਰ 1/3 ਫੀਸਦੀ ਹਿੱਸੇ ਦੇ ਲਾਭਪਾਤਰੀ ਵੀ 25.10.2001 ਨੂੰ ਫੌਤ ਹੋ ਗਏ ਅਤੇ ਉਨ੍ਹਾਂ ਦਾ ਬਣਦਾ ਹਿੱਸਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੇਠਾਂ ਲਿਖੇ ਵਾਰਸਾਂ ਵਿਚ ਵੰਡਿਆ ਜਾਵੇਗਾ। 1. ਸ੍ਰੀਮਤੀ ਬਲਬੀਰ ਕੌਰ ਪਤਨੀ, 2. ਇੰਦਰਜੀਤ ਸਿੰਘ ਬੱਸੀ ਪੁੱਤਰ, 3. ਸ. ਮਨਜੀਤ ਸਿੰਘ ਬੱਸੀ ਪੁੱਤਰ, 4. ਸੁਖਜੀਤ ਸਿੰਘ ਬੱਸੀ ਪੁੱਤਰ, ਹੁਣ ਦੋਵੇਂ, ਰਜਿਸਟਰਡ ਵਸੀਅਤ ਮਿਤੀ 14.09.1992 ਰਾਹੀਂ ਸਵ. ਸ੍ਰੀ ਨੈਬ ਸਿੰਘ ਅਤੇ ਅਣਰਜਿਸਟਰਡ ਵਸੀਅਤ 2.12.2009 ਰਾਹੀਂ ਸਵ. ਸ੍ਰੀਮਤੀ ਗੁਰਦਿਆਲ ਕੌਰ ਅਤੇ ਅਚਾਨਕ ਹੋਈ ਸ੍ਰੀ ਬਲਵੰਤ ਸਿੰਘ 100 ਫੀਸਦੀ ਹਿੱਸੇ ਮਾਲਕ ਜੋ ਸ੍ਰੀ ਨੈਬ ਸਿੰਘ ਦੇ ਹੱਕ ਵਿਚ ਹੈ, ਨੇ ਅੱਗੇ ਹੇਠਾਂ ਲਿਖੇ ੳ. ਸ. ਸੰਤੋਖ ਸਿੰਘ (33.33ਫੀਸਦੀ + 16.67 ਫੀਸਦੀ) 50 ਫੀਸਦੀ ਹਿੱਸਾ, ਅ. ਸ੍ਰੀਮਤੀ ਬਲਬੀਰ ਕੌਰ 8.33 ਫੀਸਦੀ, ੲ. ਇੰਦਰਜੀਤ ਸਿੰਘ ਬੱਸੀ 13.89 ਫੀਸਦੀ, ਸ. ਮਨਜੀਤ ਸਿੰਘ ਬੱਸੀ 13.89 ਫੀਸਦੀ, ਹ. ਸ. ਸੁਖਜੀਤ ਸਿੰਘ ਬੱਸੀ 13.89 ਫੀਸਦੀ। ਹੁਣ ਸਤਵੰਤ ਸਿੰਘ ਤੇ ਹੋਰਾਂ ਨੇ ਉਪਰੋਕਤ ਜਾਇਦਾਦ ਦੇ 100 ਫ਼ੀਸਦੀ ਹਿੱਸੇ ਨੂੰ ਆਪਣੇ ਪੱਖ ਵਿਚ ਕਰਨ ਲਈ ਰਜਿਸਟਰਡ ਵਸੀਅਤ ਮਿਤੀ 14.09.1992 ਰਾਹੀਂ ਸਵ. ਸ੍ਰੀ ਨੈਬ ਸਿੰਘ ਅਤੇ ਅਣਰਜਿਸਟਰਡ ਵਸੀਅਤ ਮਿਤੀ 1.12.2009 ਰਾਹੀਂ ਸਵ. ਸ੍ਰੀਮਤੀ ਗੁਰਦਿਆਲ ਕੌਰ ਅਤੇ ਬਲਵੰਤ ਸਿੰਘ ਬੱਸੀ ਜਿਨ੍ਹਾਂ ਦੀ ਅਚਾਨਕ ਮੌਤ ਹੋਈ ਨੂੰ ਆਧਾਰ ਬਣਾ ਕੇ ਆਪਣੇ ਪੱਖ ਵਿਚ ਤਬਦੀਲ ਕਰਨ ਲਈ ਬਿਨੈ ਕੀਤਾ ਹੈ।

ਜੇ ਕਿਸੇ ਨੂੰ ਮ੍ਰਿਤਕ ਦੇ ਉੱਪਰ ਦੱਸੇ ਕਾਨੂੰਨੀ ਵਾਰਿਸਾਂ ਤੋਂ ਇਲਾਵਾ ਕਿਸੇ ਹੋਰ ਵਾਰਿਸ ਬਾਰੇ ਪਤਾ ਹੋਵੇ ਤਾਂ ਅਸਟੇਟ ਆਫਿਸਰ, ਯੂ.ਟੀ.ਚੰਡੀਗੜ੍ਹ, ਨੂੰ ਫੌਰਨ ਸੂਚਿਤ ਕਰੇ। ਜੇ ਕਿਸੇ ਨੂੰ ਬਿਨੈਕਾਰ ਦੇ ਨਾਂ 'ਤੇ ਉਕਤ ਜਾਇਦਾਦ ਦਾ ਹਿੱਸਾ ਤਬਦੀਲ ਕਰਨ ਦੇ ਇੰਦਰਾਜ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਇਸ ਦਫ਼ਤਰ ਵਿੱਚ ਮੈਜਿਸਟ੍ਰੇਟ/ਨੋਟਰੀ ਵੱਲੋਂ ਤਸਦੀਕ ਹਲਫ਼ਨਾਮੇ ਦੇ ਰੂਪ ਲਿਖਤੀ ਤੌਰ 'ਤੇ ਇਤਰਾਜ਼ ਦਰਜ ਕਰਾ ਸਕਦਾ ਹੈ। ਇਵ ਨਾ ਹੋਣ ਦੀ ਸੂਰਤ ਵਿੱਚ ਉਕਤ ਜਾਇਦਾਦ ਦਾ ਹਿੱਸਾ ਕਾਨੂੰਨੀ ਵਾਰਿਸ ਦੇ ਨਾਂ ਤਬਦੀਲ ਕਰਨ ਦਾ ਇੰਦਰਾਜ ਕਰ ਦਿੱਤਾ ਜਾਵੇਗਾ ਅਤੇ ਕਿਸੇ ਪ੍ਰਕਾਰ ਦਾ ਕੋਈ ਦਾਅਵਾ ਬਾਅਦ ਵਿੱਚ ਮੰਨਿਆ ਨਹੀਂ ਜਾਵੇਗਾ।

ਮਨੋਜ ਖੱਤਰੀ, ਐਚਸੀਐਸ ਅਸਿਸਟੈਂਟ ਅਸਟੇਟ ਆਫਿਸਰ, ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂ.ਟੀ., ਚੰਡੀਗੜ੍ਹ)

ਪਬਲਿਕ ਨੋਟਿਸ

ਸਨਮੁੱਖ ਅਸਟੇਟ ਅਫਸਰ, ਯੂਟੀ ਚੰਡੀਗੜ੍ਹ।



ਵਿਸ਼ਾ : ਐਸਸੀਓ ਨੰ. 42, ਸੈਕਟਰ 29ਡੀ, ਚੰਡੀਗੜ੍ਹ (ਸੀਪੀ-1925) ਦੇ 50 ਫ਼ੀਸਦੀ ਹਿੱਸੇ ਦੇ ਮਾਲਕਾਨਾ ਹੱਕਾਂ ਨੂੰ ਸ੍ਰੀ ਪ੍ਰੇਮ ਨਾਥ ਦੇ ਨਾਂ ਤੋਂ ਸ੍ਰੀਮਤੀ ਪ੍ਰਵੀਨ, ਸ੍ਰੀ ਨਵਦੀਪ ਜੁਨੇਜਾ ਅਤੇ ਸਿਵਾਨੀ ਜੁਨੇਜਾ ਦੇ ਨਾਂ 'ਤੇ ਅਚਾਨਕ ਹੋਈ ਸ੍ਰੀ ਪ੍ਰੇਮ ਨਾਥ ਦੀ ਮੌਤ ਅਨੁਸਾਰ ਤਬਾਦਲੇ ਸਬੰਧੀ।

ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਮੁਤਾਬਕਐਸਸੀਓ ਨੰ. 42, ਸੈਕਟਰ 29ਡੀ, ਚੰਡੀਗੜ੍ਹ (ਸੀਪੀ-1925) ਦੇ 50 ਫ਼ੀਸਦੀ ਹਿੱਸਾ ਸ੍ਰੀ ਪ੍ਰੇਮ ਨਾਥ ਪੁੱਤਰ ਸਵ. ਸ੍ਰੀ ਹਾਕਮ ਰਾਮ ਦੇ ਨਾਂ ਬੋਲਦਾ ਹੈ। ਸ੍ਰੀਮਤੀ ਪ੍ਰਵੀਨ ਅਤੇ ਹੋਰਾਂ ਦੇ ਦੱਸਣ ਅਨੁਸਾਰ ਪ੍ਰੇਮ ਨਾਥ ਮਾਲਕ ਉਪਰੋਕਤ 50 ਫ਼ੀਸਦੀ ਹਿੱਸੇ ਦੇ 03.07.2016 ਨੂੰ ਮੌਤ ਹੋ ਗਈ ਤੇ ਆਪਣੇ ਪਿਛੇ ਕਾਨੂੰਨੀ ਵਾਰਸ ਛੱਡ ਗਏ ਹਨ। 1. ਸ੍ਰੀਮਤੀ ਪ੍ਰਵੀਨ ਪਤਨੀ, 2. ਸ੍ਰੀ ਨਵਦੀਪ ਜੁਨੇਜਾ ਪੁੱਤਰ, 3. ਮਿਸ ਸਿਵਾਨੀ ਜੁਨੇਜਾ ਪੁੱਤਰੀ। ਹੁਣ ਪ੍ਰਵੀਨ ਤੇ ਹੋਰਾਂ ਨੇ ਉਪਰੋਕਤ ਜਾਇਦਾਦ ਨੂੰ ਸ੍ਰੀ ਪ੍ਰੇਮ ਨਾਥ ਦੀ ਅਚਾਨਕ ਹੋਈ ਸ੍ਰੀ ਪ੍ਰੇਮ ਨਾਥ ਦੀ ਮੌਤ ਨੂੰ ਆਧਾਰ ਬਣਾ ਕੇ ਆਪਣੇ ਪੱਖ ਵਿਚ ਤਬਦੀਲ ਕਰਨ ਲਈ ਬਿਨੈ ਕੀਤਾ ਹੈ।

ਜੇ ਕਿਸੇ ਨੂੰ ਮ੍ਰਿਤਕ ਦੇ ਉਪਰ ਦੱਸੇ ਕਾਨੂੰਨੀ ਵਾਰਿਸਾਂ ਤੋਂ ਇਲਾਵਾ ਕਿਸੇ ਹੋਰ ਵਾਰਿਸ ਬਾਰੇ ਪਤਾ ਹੋਵੇ ਤਾਂ ਅਸਟੇਟ ਆਫਿਸਰ, ਟਾਊਨ ਹਾਲ ਬਿਲਡਿੰਗ, ਸੈਕਟਰ 17, ਯੂ.ਟੀ.ਚੰਡੀਗੜ੍ਹ, ਨੂੰ ਫੌਰਨ ਸੂਚਿਤ ਕਰੇ। ਜੇ ਕਿਸੇ ਨੂੰ ਬਿਨੈਕਾਰ ਦੇ ਨਾਂ 'ਤੇ ਉਕਤ ਜਾਇਦਾਦ ਦਾ ਹਿੱਸਾ ਤਬਦੀਲ ਕਰਨ ਦੇ ਇੰਦਰਾਜ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਇਸ ਦਫ਼ਤਰ ਵਿੱਚ ਮੈਜਿਸਟ੍ਰੇਟ/ਨੋਟਰੀ ਵੱਲੋਂ ਤਸਦੀਕ ਹਲਫ਼ਨਾਮੇ ਦੇ ਰੂਪ ਲਿਖਤੀ ਤੌਰ 'ਤੇ ਇਤਰਾਜ਼ ਦਰਜ ਕਰਾ ਸਕਦਾ ਹੈ। ਇਵ ਨਾ ਹੋਣ ਦੀ ਸੂਰਤ ਵਿੱਚ ਉਕਤ ਜਾਇਦਾਦ ਦਾ ਹਿੱਸਾ ਕਾਨੂੰਨੀ ਵਾਰਿਸ ਦੇ ਨਾਂ ਤਬਦੀਲ ਕਰਨ ਦਾ ਇੰਦਰਾਜ ਕਰ ਦਿੱਤਾ ਜਾਵੇਗਾ ਅਤੇ ਕਿਸੇ ਪ੍ਰਕਾਰ ਦਾ ਕੋਈ ਦਾਅਵਾ ਬਾਅਦ ਵਿੱਚ ਮੰਨਿਆ ਨਹੀਂ ਜਾਵੇਗਾ।

ਸਨਮੁੱਖ ਅਸਟੇਟ ਅਫ਼ਸਰ, ਯੂਟੀ ਚੰਡੀਗੜ੍ਹ।

VARDHMAN TEXTILES LIMITED

Regd. & Corporate Office: Chandigarh Road, Ludhiana-141010, Punjab (India)
PAN No.: AABCM4692E;
CIN: L17111PB1973PLC003345
E-mail: secretarial.lud@vardhman.com;
Website: www.vardhman.com

COMPANY NOTICE

Notice is hereby given pursuant to Regulation 29, read with Regulation 47 of the SEBI (Listing Obligations and Disclosure Requirements) Regulations, 2015, that a meeting of Board of Directors of the Company is scheduled to be held on Wednesday, 8th November, 2017, inter-alia, to consider and approve the Un-Audited Financial Results for the Quarter/Half year ended 30th September, 2017.


This notice is also available on the websites of:-
a) Company (www.vardhman.com)
b) BSE Ltd. (www.bseindia.com)
c) NSE Ltd. (www.nseindia.com)

For VARDHMAN TEXTILES LIMITED
Sd/-
(Sanjay Gupta)
Company Secretary

Date : 30.10.2017
Place : Ludhiana

ਪਬਲਿਕ ਨੋਟਿਸ

ਸਨਮੁੱਖ ਸ੍ਰੀ ਅਜੀਤ ਬਾਲਾ ਜੀ ਜੋਸ਼ੀ, ਆਈਏਐਸ, ਅਸਟੇਟ ਅਫ਼ਸਰ, ਯੂਟੀ ਚੰਡੀਗੜ੍ਹ।



ਵਿਸ਼ਾ : ਮਕਾਨ ਨੰ. 3062, ਸੈਕਟਰ 20-ਡੀ, ਚੰਡੀਗੜ੍ਹ ਦੇ 50 ਫ਼ੀਸਦੀ ਮਾਲਕਾਨਾ ਹੱਕ ਸ੍ਰੀ ਸੁਖਦੀਪ ਸਿੰਘ ਬਰਾੜ ਅਤੇ ਸ੍ਰੀਮਤੀ ਸੁਖਵੰਤ ਕੌਰ ਬਰਾੜ (ਆਰਪੀ-9253) ਦੇ ਨਾਂ 'ਤੇ ਰਜਿਸਟਰਡ ਵਸੀਅਤ ਮਿਤੀ 16.10.2014 ਰਾਹੀਂ ਸਵ. ਸ੍ਰੀ ਦਲੀਪ ਸਿੰਘ ਬਰਾੜ ਅਨੁਸਾਰ ਤਬਦੀਲ ਕਰਨ ਬਾਰੇ।

ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਮੁਤਾਬਕ ਮਕਾਨ ਨੰ. 3062, ਸੈਕਟਰ 20-ਡੀ, ਚੰਡੀਗੜ੍ਹ 50 ਫ਼ੀਸਦੀ ਹਿੱਸਾ ਦਲੀਪ ਸਿੰਘ ਬਰਾੜ ਦੇ ਨਾਂ ਹੈ। ਸ੍ਰੀ ਸੁਖਦੀਪ ਸਿੰਘ ਬਰਾੜ ਅਤੇ ਸ੍ਰੀਮਤੀ ਸੁਖਵੰਤ ਕੌਰ ਬਰਾੜ ਦੇ ਦੱਸਣ ਅਨੁਸਾਰ ਸ੍ਰੀ ਦਲੀਪ ਸਿੰਘ ਬਰਾੜ ਮਾਲਕ ਉਪਰੋਕਤ 50 ਫ਼ੀਸਦੀ ਹਿੱਸੇ ਦੀ 5.3.2017 ਨੂੰ ਫੌਤ ਹੋ ਗਏ ਅਤੇ ਆਪਣੇ ਪਿੱਛੇ ਕਾਨੂੰਨੀ ਵਾਰਸ ਛੱਡ ਗਏ ਹਨ।


1. ਸ੍ਰੀਮਤੀ ਸੁਖਵੰਤ ਕੌਰ ਬਰਾੜ ਪਤਨੀ, 2. ਸ੍ਰੀ ਸੁਖਦੀਪ ਸਿੰਘ ਬਰਾੜ ਪੁੱਤਰ, 3. ਮਿਸ. ਸੰਦੀਪ ਅੰਜਲਾ ਪੁੱਤਰੀ। ਹੁਣ ਸ੍ਰੀ ਸੁਖਦੀਪ ਸਿੰਘ ਬਰਾੜ ਅਤੇ ਸ੍ਰੀਮਤੀ ਸੁਖਵੰਤ ਕੌਰ ਬਰਾੜ ਨੇ ਉਪਰੋਕਤ ਜਾਇਦਾਦ ਦੇ 50 ਫ਼ੀਸਦੀ ਹਿੱਸੇ ਨੂੰ ਰਜਿਸਟਰਡ ਵਸੀਅਤ ਮਿਤੀ 16.10.2014 ਰਾਹੀਂ ਸਵ. ਸ੍ਰੀ ਦਲੀਪ ਸਿੰਘ ਬਰਾੜ ਨੂੰ ਆਧਾਰ ਬਣਾ ਕੇ ਆਪਣੇ ਪੱਖ ਵਿਚ ਕਰਨ ਲਈ ਬਿਨੈ ਕੀਤਾ ਹੈ।

ਜੇ ਕਿਸੇ ਨੂੰ ਮ੍ਰਿਤਕ ਦੇ ਉੱਪਰ ਦੱਸੇ ਕਾਨੂੰਨੀ ਵਾਰਿਸਾਂ ਤੋਂ ਇਲਾਵਾ ਕਿਸੇ ਹੋਰ ਵਾਰਿਸ ਬਾਰੇ ਪਤਾ ਹੋਵੇ ਤਾਂ ਅਸਟੇਟ ਦਫਤਰ, ਯੂ.ਟੀ.ਚੰਡੀਗੜ੍ਹ, ਵਿਖੇ ਫੌਰਨ ਸੂਚਿਤ ਕਰੇ। ਜੇ ਕਿਸੇ ਨੂੰ ਬਿਨੈਕਾਰ ਦੇ ਨਾਂ 'ਤੇ ਉਕਤ ਜਾਇਦਾਦ ਦਾ ਹਿੱਸਾ ਤਬਦੀਲ ਕਰਨ ਦੇ ਇੰਦਰਾਜ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਇਸ ਦਫ਼ਤਰ ਵਿੱਚ ਮੈਜਿਸਟ੍ਰੇਟ/ਨੋਟਰੀ ਵੱਲੋਂ ਤਸਦੀਕ ਹਲਫ਼ਨਾਮੇ ਦੇ ਰੂਪ ਲਿਖਤੀ ਤੌਰ 'ਤੇ ਇਤਰਾਜ਼ ਦਰਜ ਕਰਾ ਸਕਦਾ ਹੈ। ਇੰਜ ਨਾ ਹੋਣ ਦੀ ਸੂਰਤ ਵਿੱਚ ਉਕਤ ਜਾਇਦਾਦ ਦਾ ਹਿੱਸਾ ਕਾਨੂੰਨੀ ਵਾਰਿਸ ਦੇ ਨਾਂ ਤਬਦੀਲ ਕਰਨ ਦਾ ਇੰਦਰਾਜ ਕਰ ਦਿੱਤਾ ਜਾਵੇਗਾ ਅਤੇ ਕਿਸੇ ਪ੍ਰਕਾਰ ਦਾ ਕੋਈ ਦਾਅਵਾ ਬਾਅਦ ਵਿੱਚ ਮੰਨਿਆ ਨਹੀਂ ਜਾਵੇਗਾ।

ਸ੍ਰੀ ਅਜੀਤ ਬਾਲਾ ਜੀ ਜੋਸ਼ੀ, ਆਈਏਐਸ, ਅਸਟੇਟ ਅਫ਼ਸਰ, ਯੂਟੀ ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁੱਖ ਸ੍ਰੀ ਅਜੀਤ ਬਾਲਾ ਜੀ ਜੋਸ਼ੀ, ਆਈਏਐਸ, ਅਸਟੇਟ ਅਫ਼ਸਰ, ਯੂਟੀ ਚੰਡੀਗੜ੍ਹ।



ਵਿਸ਼ਾ : ਮਕਾਨ ਨੰ. 137, ਸੈਕਟਰ 27/ਏ, ਚੰਡੀਗੜ੍ਹ ਦੇ 100 ਫ਼ੀਸਦੀ ਹਿੱਸੇ ਦੇ ਮਾਲਕਾਨਾ ਹੱਕਾਂ ਨੂੰ ਸ੍ਰੀ ਗਿਆਨ ਸਿੰਘ ਕਲਸੀ ਦੇ ਨਾਂ ਤੋਂ ਸ. ਬੂਟਾ ਸਿੰਘ ਕਲਸੀ ਦੇ ਨਾਂ 'ਤੇ ਅਚਾਨਕ ਹੋਈ ਸ੍ਰੀ ਗਿਆਨ ਸਿੰਘ ਕਲਸੀ ਦੀ ਮੌਤ ਅਤੇ ਜ਼ੁਬਾਨੀ ਫੈਸਲੇ ਜਿਨ੍ਹਾਂ ਨੂੰ 26.10.2015 ਦੇ ਮੈਮੋਰੰਡਮ ਤਹਿਤ ਪਰਿਵਾਰਕ ਸਮਝੌਤੇ ਤਹਿਤ ਰੱਦ ਕੀਤਾ ਗਿਆ ਸੀ, ਅਨੁਸਾਰ ਤਬਾਦਲੇ ਸਬੰਧੀ।

ਆਮ ਤੇ ਖਾਸ ਅਤੇ ਜਨ ਸਧਾਰਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਮੁਤਾਬਕ ਮਕਾਨ ਨੰ. 137, ਸੈਕਟਰ 27/ਏ, ਚੰਡੀਗੜ੍ਹ ਦੇ 100 ਫ਼ੀਸਦੀ ਹਿੱਸਾ ਸ੍ਰੀ ਗਿਆਨ ਸਿੰਘ ਕਲਸੀ ਦੇ ਨਾਂ ਬੋਲਦਾ ਹੈ। ਸ੍ਰੀ ਬੂਟਾ ਸਿੰਘ ਕਲਸੀ ਦੇ ਦੱਸਣ ਅਨੁਸਾਰ ਗਿਆਨ ਸਿੰਘ ਕਲਸੀ ਮਾਲਕ ਉਪਰੋਕਤ 100 ਫ਼ੀਸਦੀ ਹਿੱਸੇ ਦੀ 03.12.1994 ਨੂੰ ਮੌਤ ਹੋ ਗਈ ਤੇ ਆਪਣੇ ਪਿਛੇ ਕਾਨੂੰਨੀ ਵਾਰਸ ਛੱਡ ਗਏ ਹਨ। 1. ਸ੍ਰੀਮਤੀ ਕਿਸ਼ਨਾ ਪਤਨੀ, (ਮ੍ਰਿਤਕ 3.12.1994), 2. ਸ੍ਰੀ ਬੂਟਾ ਸਿੰਘ ਕਲਸੀ ਪੁੱਤਰ, 3. ਸ੍ਰੀ ਸਰਬਜੀਤ ਸਿੰਘ ਪੁੱਤਰ, 4. ਕਮਲਜੀਤ ਸਿੰਘ ਪੁੱਤਰ, 5. ਮਿਸ. ਚੰਦਰਕਾਂਤਾ ਪੁੱਤਰੀ, 6. ਮਿਸ. ਸ਼ਾਂਤੀ ਕੌਰ ਪੁੱਤਰੀ, 7. ਸੁਰਜੀਤ ਕੌਰ ਉਰਫ਼ ਕੁਲਦੀਪ ਕੌਰ ਪੁੱਤਰੀ, 8. ਮਿਸ ਗੁਰਮੀਤ ਕੌਰ ਪੁੱਤਰੀ। ਹੁਣ ਬੂਟਾ ਸਿੰਘ ਕਲਸੀ ਨੇ ਉਪਰੋਕਤ ਜਾਇਦਾਦ ਨੂੰ ਗਿਆਨ ਸਿੰਘ ਕਲਸੀ ਦੀ ਹੋਈ ਫੌਤ ਅਤੇ ਪਰਿਵਾਰਕ ਸਮਝੌਤਾ ਜੋ 26.10.2015 ਨੂੰ ਪਾਰਟੀਆਂ ਦਰਮਿਆਨ ਰੱਦ ਕੀਤਾ ਗਿਆ ਸੀ, ਨੂੰ ਆਧਾਰ ਬਣਾ ਕੇ ਆਪਣੇ ਪੱਖ ਵਿਚ ਤਬਦੀਲ ਕਰਨ ਲਈ ਬਿਨੈ ਕੀਤਾ ਹੈ।

ਜੇ ਕਿਸੇ ਨੂੰ ਮ੍ਰਿਤਕ ਦੇ ਉੱਪਰ ਦੱਸੇ ਕਾਨੂੰਨੀ ਵਾਰਿਸਾਂ ਤੋਂ ਇਲਾਵਾ ਕਿਸੇ ਹੋਰ ਵਾਰਿਸ ਬਾਰੇ ਪਤਾ ਹੋਵੇ ਤਾਂ ਅਸਟੇਟ ਆਫਿਸਰ, ਟਾਊਨ ਹਾਲ ਬਿਲਡਿੰਗ, ਸੈਕਟਰ 17, ਯੂ.ਟੀ.ਚੰਡੀਗੜ੍ਹ, ਨੂੰ ਫੌਰਨ ਸੂਚਿਤ ਕਰੇ। ਜੇ ਕਿਸੇ ਨੂੰ ਬਿਨੈਕਾਰ ਦੇ ਨਾਂ 'ਤੇ ਉਕਤ ਜਾਇਦਾਦ ਦਾ ਹਿੱਸਾ ਤਬਦੀਲ ਕਰਨ ਦੇ ਇੰਦਰਾਜ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਇਸ ਦਫ਼ਤਰ ਵਿੱਚ ਮੈਜਿਸਟ੍ਰੇਟ/ਨੋਟਰੀ ਵੱਲੋਂ ਤਸਦੀਕ ਹਲਫ਼ਨਾਮੇ ਦੇ ਰੂਪ ਲਿਖਤੀ ਤੌਰ 'ਤੇ ਇਤਰਾਜ਼ ਦਰਜ ਕਰਾ ਸਕਦਾ ਹੈ। ਇਵ ਨਾ ਹੋਣ ਦੀ ਸੂਰਤ ਵਿੱਚ ਉਕਤ ਜਾਇਦਾਦ ਦਾ ਹਿੱਸਾ ਕਾਨੂੰਨੀ ਵਾਰਿਸ ਦੇ ਨਾਂ ਤਬਦੀਲ ਕਰਨ ਦਾ ਇੰਦਰਾਜ ਕਰ ਦਿੱਤਾ ਜਾਵੇਗਾ ਅਤੇ ਕਿਸੇ ਪ੍ਰਕਾਰ ਦਾ ਕੋਈ ਦਾਅਵਾ ਬਾਅਦ ਵਿੱਚ ਮੰਨਿਆ ਨਹੀਂ ਜਾਵੇਗਾ।

ਸਨਮੁੱਖ ਸ੍ਰੀ ਅਜੀਤ ਬਾਲਾ ਜੀ ਜੋਸ਼ੀ, ਆਈਏਐਸ, ਅਸਟੇਟ ਅਫ਼ਸਰ, ਯੂਟੀ ਚੰਡੀਗੜ੍ਹ।

ਚੰਦਨ ਗਰੇਵਾਲ ਨੇ ਦਿੱਤਾ 'ਆਪ' ਤੋਂ ਅਸਤੀਫਾ

ਜਲੰਧਰ 30 ਅਕਤੂਬਰ (ਜੇ.ਐਸ. ਸੋਢੀ) ਆਮ ਆਦਮੀ ਪਾਰਟੀ ਦੇ ਹਲਕਾ ਕਰਤਾਪੁਰ ਤੋਂ ਵਿਧਾਨ ਸਭਾ ਲਈ ਚੋਣ ਲੜ ਚੁੱਕੇ ਉਮੀਦਵਾਰ ਚੰਦਨ ਗਰੇਵਾਲ ਨੇ ਪਾਰਟੀ ਨੂੰ ਅਸਤੀਫਾ ਦੇਣ ਦਾ ਪੱਤਰਕਾਰ ਸੰਮੇਲਨ ਦੌਰਾਨ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਪਾਰਟੀ ਦੇ ਪ੍ਰਮੁੱਖ ਅਰਵਿੰਦ ਕੇਜਰੀਵਾਲ, ਸੂਬਾ ਪ੍ਰਧਾਨ ਭਗਵੰਤ ਮਾਨ, ਦੁਆਬਾ ਜੋਨ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ ਨੂੰ ਅਸਤੀਫਾ ਇਸ ਕਰਕੇ ਦਿੱਤਾ ਕਿਉਂਕਿ ਮੈਂ ਆਪਣੇ ਪਰਿਵਾਰਕ ਅਤੇ ਸਮਾਜਿਕ ਰੁਝੇਵਿਆਂ ਕਾਰਨ ਪਾਰਟੀ ਨੂੰ ਸਮਾਂ ਨਹੀਂ ਦੇ ਪਾ ਰਿਹਾ ਸੀ। ਉਨ੍ਹਾਂ ਇਸ ਮੌਕੇ ਇਹ ਵੀ ਕਿਹਾ ਕਿ ਮੈਂ ਹਲਕਾ ਕਰਤਾਰਪੁਰ ਵਾਸੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਵਲੰਟੀਅਰਾਂ, ਵੋਟਰਾਂ ਅਤੇ ਸਪੋਟਰਾਂ ਨੇ ਚੋਣਾਂ ਦੌਰਾਨ ਮੇਰਾ ਭਰਪੂਰ ਸਮੱਰਥਨ ਅਤੇ ਹਮਾਇਤ ਕੀਤੀ। ਅੱਗੇ ਤੋਂ ਵੀ ਮੈਂ ਹਲਕਾ ਕਰਤਾਰਪੁਰ ਦੇ ਲੋਕਾਂ ਲਈ ਦਿਨ ਰਾਤ ਸੇਵਾ ਲਈ ਹਾਜ਼ਿਰ ਰਹਾਂਗਾਂ ਤੇ ਉਨ੍ਹਾਂ ਦੇ ਪਿਆਰ ਦਾ ਰਿਣੀ ਰਹਾਂਗਾਂ।

ਰਾਜੇਸ਼ ਕੁਮਾਰ ਕਾਰਜ ਸਾਧਕ ਅਫ਼ਸਰ ਮੋਰਿੰਡਾ ਨਿਯੁਕਤ



ਮੋਰਿੰਡਾ 30 ਅਕਤੂਬਰ (ਲਖਵੀਰ ਸਿੰਘ) ਨਗਰ ਕੌਂਸਲ ਮੋਰਿੰਡਾ ਦੇ ਕਾਰਜਸਾਧਕ ਅਫਸਰ ਸੁਖਦੇਵ ਸਿੰਘ ਦਾ ਤਬਾਦਲਾ ਹੋਣ ਉਪਰੰਤ ਉਨ੍ਹਾਂ ਦੇ ਸਥਾਨ ਤੇ ਰਾਜੇਸ਼ ਕੁਮਾਰ ਨੇ ਨਵੇ ਕਾਰਜਸਾਧਕ ਅਫਸਰ ਵਜੋ ਅਪਣਾ ਅਹੁੱਦਾ ਸੰਭਾਲ ਲਿਆ ਹੈ। ਇਸ ਤੋ ਪਹਿਲਾਂ ਉਹ ਜ਼ਿਲ੍ਹਾ ਬਠਿੰਡਾ ਦੀ ਨਗਰ ਕੌਂਸਲ ਸੰਗਤ ਮੰਡੀ ਵਿਖੇ ਤੈਨਾਤ ਸਨ। ਇਸ ਸਬੰਧੀ ਗੱਲਬਾਤ ਕਰਦਿਆਂ ਨਵੇ ਕਾਰਜ ਸਾਧਕ ਅਫ਼ਸਰ ਰਾਜੇਸ਼ ਕੁਮਾਰ ਨੇ ਦੱਸਿਆ ਕਿ ਸ਼ਹਿਰ ਵਿੱਚ ਗੰਦਗੀ ਅਤੇ ਨਜਾਇਜ਼ ਕਬਜਿਆਂ ਨਾਲ ਕਦੇ ਵੀ ਸਮਝੌਤਾ ਨਹੀਂ ਕਰਨਗੇ, ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਅਤੇ ਮੁਸ਼ਕਿਲਾਂ ਸਬੰਧੀ ਕੋਈ ਵੀ ਸ਼ਹਿਰ ਨਿਵਾਸੀ ਉਨ੍ਹਾਂ ਨੂੰ ਦਫਤਰ ਵਿਖੇ ਆ ਕੇ ਮਿਲ ਸਕਦਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਸ ਸੀਟ ਉੱਤੇ ਸੁਖਦੇਵ ਸਿੰਘ ਅਪਣੀਆਂ ਸੇਵਾਵਾਂ ਦੇ ਰਹੇ ਸਨ। ਉਨ੍ਹਾਂ ਦੀ ਬਦਲੀ ਸੰਗਤ ਮੰਡੀ ਜ਼ਿਲ੍ਹਾ ਬਠਿੰਡਾ ਦੀ ਹੋ ਗਈ ਹੈ।

ਦੁੱਧ ਉਤਪਾਦਕ ਸਹਿਕਾਰੀ ਸਭਾ ਮੂੰਡੀਆਂ ਨੇ 4 ਲੱਖ 65 ਹਜ਼ਾਰ ਦਾ ਮੁਨਾਫਾ ਵੰਡਿਆ



ਮੋਰਿੰਡਾ 30 ਅਕਤੂਬਰ (ਲਖਵੀਰ ਸਿੰਘ) ਦੀ ਦੁੱਧ ਉਤਪਾਦਕ ਸਹਿਕਾਰੀ ਸਭਾ ਮੂੰਡੀਆਂ ਵੱਲੋ ਦੁੱਧ ਉਤਪਾਦਕਾਂ ਨੂੰ ਸਾਲ 2016-17 ਦਾ ਮੁਨਾਫਾ ਵੰਡਿਆ ਗਿਆ। ਇਸ ਸਬੰਧੀ ਸਭਾ ਦੇ ਸਕੱਤਰ ਮਨਦੀਪ ਸਿੰਘ ਨੇ ਦੱਸਿਆ ਕਿ ਸਭਾ ਦੇ ਪ੍ਰਧਾਨ ਸਾਧੂ ਸਿੰਘ ਮੂੰਡੀ ਦੀ ਪ੍ਰਧਾਨਗੀ ਹੇਠ ਕਰਵਾਏ ਇਸ ਸਮਾਗਮ ਮੌਕੇ ਸਾਲ 2016-17 ਦਾ 4 ਲੱਖ 65 ਹਜਾਰ ਦਾ ਮੁਨਾਫਾ ਵੰਡਿਆ ਗਿਆ ਜਿਸ ਵਿੱਚ ਬਲਜੀਤ ਸਿੰਘ ਪੁੱਤਰ ਸੰਤੋਖ ਸਿੰਘ ਨੂੰ ਸੱਭ ਤੋ ਵੱਧ 14380 ਰੁਪਏ,ਗੁਰਨਾਮ ਸਿੰਘ ਪੁੱਤਰ ਬੰਤ ਸਿੰਘ ਨੂੰ 14180 ਤੇ ਭਾਗ ਸਿੰਘ ਪੁੱਤਰ ਸੁਖਦੇਵ ਸਿੰਘ ਨੂੰ 10240 ਰੁਪਏ ਵੰਡਿਆ ਗਿਆ ਜਦਕਿ ਵੇਰਕਾ ਮਿਲਕ ਪਲਾਂਟ ਮੋਹਾਲੀ ਵੱਲੋ ਵੀ 84 ਹਜਾਰ 700 ਰੁਪਏ ਵੰਡੇ ਗਏ। ਇਸ ਮੌਕੇ ਸਭਾ ਦੇ ਪ੍ਰਧਾਨ ਸਾਧੂ ਸਿੰਘ ਮੂੰਡੀ ਨੇ ਦੁੱਧ ਉਤਪਾਦਕਾਂ ਨੂੰ ਵੱਧ ਤੋ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਰਣਯੋਧ ਸਿੰਘ,ਮੈਂਬਰ ਜਗਤਾਰ ਸਿੰਘ,ਭਾਗ ਸਿੰਘ,ਜਸਮੇਰ ਸਿੰਘ,ਰਵਿੰਦਰਪਾਲ ਸਿੰਘ,ਕੁਲਵਿੰਦਰ ਕੌਰ,ਹਰਕਰਨ ਸਿੰਘ ਤੋ ਇਲਾਵਾ ਸਭਾ ਦੇ ਸਕੱਤਰ ਮਨਦੀਪ ਸਿੰਘ,ਹੈਲਪਰ ਗੁਰਪ੍ਰੀਤ ਸਿੰਘ ਅਤੇ ਦੁੱਧ ਉਤਪਾਦਕ ਹਾਜ਼ਰ ਸਨ।

ਆਂਗਣਵਾੜੀ ਵਰਕਰਾਂ ਨੇ ਰੋਸ ਪ੍ਰਦਰਸ਼ਨ ਕਰਕੇ ਫੂਕਿਆ ਕੈਪਟਨ ਸਰਕਾਰ ਦਾ ਪੁਤਲਾ

ਕਲਾਨੌਰ,30 ਅਕਤੂਬਰ (ਮਹਿੰਦਰ ਜੋਸ਼ੀ, ਅਰਲੀਭੰਨ) ਕਲਾਨੌਰ ਵਿਖੇ ਸੀਟੂ ਯੂਨੀਅਨ ਵੱਲੋਂ ਆਂਗਣਵਾੜੀ ਸੈਂਟਰ ਤੋੜਨ ਦੇ ਵਿਰੋਧ 'ਚ ਬਲਾਕ ਪੱਧਰੀ ਰੋਸ ਧਰਨਾਂ ਦੇਣ ਉਪਰੰਤ ਚੱਕਾਂ ਜਾਮ ਕਰਕੇ ਮੁੱਖ ਮੰਤਰੀ ਕੈਪਟਨ ਸਰਕਾਰ ਦਾ ਪੁੱਤਲਾ ਫੂਕਿਆ ਗਿਆ ਅਤੇ ਪਿੱਟ ਸਿਆਪਾ ਕੀਤਾ ਗਿਆ।

ਇਸ ਮੌਕੇ 'ਤੇ ਬਲਾਕ ਪ੍ਰਧਾਨ ਕੁਲਵਿੰਦਰ ਕੌਰ ਵੱਲੋਂ ਆਂਗਣਵਾੜੀ ਵਰਕਰਾਂ ਸਮੇਤ ਸਕੂਲਾਂ ਵਿਚ ਪ੍ਰੀ ਨਰਸਰੀ ਕਲਾਸਾਂ ਨੂੰ ਸਰਕਾਰੀ ਸਕੂਲਾਂ ਵਿਚ ਲਗਾਉਣ ਦੇ ਵਿਰੋਧ ਵਿਚ ਪੰਜਾਬ ਸਰਕਾਰ ਦਾ ਪੁਤਲਾ ਫੁਕਣ ਤੋਂ ਪਹਿਲਾ ਸਿਵ ਮੰਦਿਰ ਪਾਰਕ ਕਲਾਨੌਰ ਵਿਖੇ ਰੋਸ ਮੁਜਹਾਰਾਂ ਕੀਤਾ ਗਿਆ ਅਤੇ ਕਿਹਾ ਕਿ ਜਿਥੇ ਸਰਕਾਰਾਂ ਵੱਲੋਂ ਬੇਟੀ ਪੜਾਓ, ਬੇਟੀ ਬਚਾਓ ਦਾ ਨਾਹਰਾਂ ਮਾਰਿਆਂ ਜਾ ਰਿਹਾ ਹੈ ਉਥੇ ਆਂਗਣਵਾੜੀ ਸੈਂਟਰ ਬੰਦ ਕਰਕੇ ਪੰਜਾਬ ਦੀ ਕੈਪਟਨ ਸਰਕਾਰ ਸੈਂਟਰਾਂ 'ਚ ਤਾਇਨਾਤ ਬੇਟੀਆ ਨਾਲ ਧੋਖਾਂ ਕਰ ਰਹੀ ਹੈ। ਇਸ ਰੋਸ ਮੁਜਹਾਰੇ ਮੌਕੇ 'ਤੇ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਜਿਵੇਂ ਆਂਗਣਵਾੜੀ ਸੈਂਟਰਾਂ ਨੂੰ ਪੱਕਾਂ ਕੀਤਾ ਜਾਵੇ, ਪ੍ਰੀ ਨਰਸਰੀ ਕਲਾਸਾ ਆਂਗਣਵਾੜੀ ਵਰਕਰਾਂ ਨੂੰ ਹੀ ਦਿੱਤੀਆ ਜਾਣ, ਆਂਗਣਵਾੜੀ ਸੈਂਟਰਾਂ ਦੀ ਬਿਲਡਿੰਗਾਂ ਅਤੇ ਪਾਣੀ ਮੁਹੱਈਆਂ ਕਰਵਾਇਆ ਜਾਵੇ ਅਤੇ ਪਟਿਆਲਾ ਵਿਖੇ ਆਂਗਣਵਾੜੀ ਸੰਘਰਸ ਕਮੇਟੀ 'ਤੇ ਦਰਜ ਕੀਤੇ ਝੂਠੇ ਮੁੱਕਦਮੇਂ ਕੈਂਸਲ ਕੀਤੇ ਜਾਣ। ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆ ਤਾ ਸੰਘਰਸ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ 'ਤੇ , ਸਰਕਲ ਪ੍ਰਧਾਨ ਭੁਪਿੰਦਰ ਕੌਰ ਨੜਾਂਵਾਲੀ, ਪਰਮਜੀਤ ਕੌਰ ਕਲਾਨੌਰ, ਜਸਵਿੰਦਰ ਕੌਰ, ਗੁਰਜੀਤ ਕੌਰ, ਹਰਪਿੰਦਰ ਕੌਰ, ਬਲਵਿੰਦਰਜੀਤ ਕੌਰ ਆਦਿ ਵੀਰ ਕੌਰ ਕਲਾਨੌਰ, ਜਸਵਿੰਦਰ ਕੌਰ, ਗੁਰਜੀਤ ਕੌਰ, ਜਸਬੀਰ ਕੌਰ, ਬਲਜਿੰਦਰ ਕੌਰ, ਨਿਰਮਲ ਕੌਰ, ਬੇਵੀ, ਨਿਰਮਲਾ ਦੇਵੀ, ਸੁਰਿੰਦਰ ਕੌਰ, ਮਨਜੀਤ ਕੌਰ, ਕੁਲਵੰਤ ਕੌਰ, ਸਰਨਜੀਤ ਕੌਰ, ਨਿਰਮਲਾ, ਕੰਵਲਜੀਤ ਕੌਰ ਆਦਿ ਬਲਾਕ ਕਲਾਨੌਰ ਨਾਲ ਸਬੰਧਿਤ ਆਂਗਣਵਾੜੀ ਵਰਕਰਾਂ 'ਤੇ ਹੈਲਪਰਾਂ ਹਾਜਰ ਸਨ।

ਬ੍ਰਿਸਬੇਨ 'ਚ ਪਹਿਲੀ ਆਸਟ੍ਰੇਲੀਅਨ ਪੰਜਾਬੀ ਮੀਡੀਆ ਕਾਨਫਰੰਸ ਹੋਈ ਸਫਲ

ਬ੍ਰਿਸਬੇਨ, 30 ਅਕਤੂਬਰ (ਸੁਰਜੀਤ ਸੰਧੂ) ਆਸਟ੍ਰੇਲੀਆ ਦੇ ਸਾਹਿਤਕ ਤੇ ਸੱਭਿਆਚਾਰਕ ਗਤੀਵਿਧੀਆਂ ਵਜੋਂ ਜਾਣੇ ਜਾਂਦੇ ਸ਼ਹਿਰ ਬ੍ਰਿਸਬੇਨ ਵਿੱਚ ਅੱਜ 'ਪਕਾਸਾ'(ਪੰਜਾਬੀ ਕਲਚਰਲ ਐਂਡ ਸਪੋਰਟਸ ਕੌ ?ਸਲ ਆਫ ਆਸਟ੍ਰੇਲੀਆ) ਵੱਲੋਂ ਪਹਿਲੀ ਆਸਟ੍ਰੇਲੀਅਨ ਪੰਜਾਬੀ ਮੀਡੀਆ ਕਾਨਫਰੰਸ ਹੋਈ। ਜਿਸ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਹਰੇ ਨੂੰ ਸਮਰਥਨ ਦੇਣ ਲਈ ਲੱਗ-ਭੱਗ ਬਹੁਤਾਤ ਰਾਜਾਂ ਵਿੱਚੋਂ ਮੀਡੀਆ ਨਾਲ ਸੰਬੰਧਿਤ ਲੋਕ ਪਹੁੰਚੇ। ਜਿਨ੍ਹਾਂ ਵਿੱਚ ਪੱਤਰਕਾਰ, ਟੀ.ਵੀ. ਕੇ ਅਖਬਾਰ ਸੰਚਾਲਕ ਪਹੁੰਚੇ। ਜਿਸ ਦੀ ਪ੍ਰਧਾਨਗੀ ਮੰਡਲ ਵਿੱਚ ਪਕਾਸਾ ਸੰਸਥਾ ਦੇ ਮੁਖੀ ਮਨਜੀਤ ਬੋਪਾਰਾਏ, ਰਸ਼ਪਾਲ ਹੇਅਰ, ਸਿਡਨੀ ਤੋਂ ਸੀਨੀਅਰ ਪੱਤਰਕਾਰ ਬਲਰਾਜ ਸੰਘਾ(ਨਵਾਂ ਜ਼ਮਾਨਾ) , ਪ੍ਰਭਜੋਤ ਸੰਧੂ (ਸਿਡਨੀ) ਤੇ ਰੌਬੀ ਬੈਨੀਪਾਲ (ਰਾਬਤਾ ਰੇਡੀਓ, ਐਡੀਲੈਡ) ਨੇ ਹਿੱਸਾ ਲਿਆ। ਜਿਸ ਵਿੱਚ ਮੀਡੀਆ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਆਪਣੇ ਆਪਣੇ ਵਿਚਾਰ ਤੇ ਤਜੁਰਬੇ ਸਾਂਝੇ ਕੀਤੇ। ਪਕਾਸਾ ਦੁਆਰਾ ਅਯੋਜਿਤ ਪਹਿਲੀ ਆਸਟ੍ਰੇਲਅਨ ਪੰਜਾਬੀ ਮੀਡੀਆ ਕਾਨਫਰੰਸ ਦਾ ਮਕਸਦ ਸਭ ਧਰਮਾਂ ਤੇ ਨਸਲਾਂ ਜਿਹੀਆਂ ਦਿਵਾਰਾਂ ਨੂੰ ਢਾਅ ਕੇ, ਪੰਜਾਬੀ ਕਮਿਊਨਿਟੀ ਨੂੰ ਇੱਕ ਆਜ਼ਾਦ ਮਹੌਲ ਦੇ ਕੇ ਭਵਿੱਖ ਵਿੱਚ ਸਭਿਆਚਾਰਕ ਸਰਗਰਮੀਆਂ ਦਾ ਅਯੋਜਿਤ ਕਰਨਾ ਹੈ। ਇਸ ਕਾਨਫਰੰਸ ਵਿੱਚ ਇਹ ਫੈਸਲਾ ਸਮੂਹਿਕ ਤੌਰ 'ਤੇ ਲਿਆ ਗਿਆ ਕਿ ਪੰਜਾਬੀ ਕਮਿਊਨਿਟੀ ਲਈ ਮੀਡੀਆ ਦੀ ਸਹੂਲਤ ਲਈ ਸਾਂਝੇ ਉਦਮ ਕਰਕੇ ਆਸਟ੍ਰੇਲੀਆ ਵਿੱਚ ਨੈਸ਼ਨਲ ਪੱਧਰ ਉੱਤੇ ਪੰਜਾਬੀ ਅਖਬਾਰ ਤੇ ਰੇਡੀਓ ਮਹੱਈਆ ਕਰਵਾਈਆਂ ਜਾਣ। ਇਸ ਤੋਂ ਇਲਾਵਾ ਪਕਾਸਾ ਵੱਲੋਂ ਅਯੋਜਿਤ ਕਮੇਟੀ ਵੱਲੋਂ ਪਕਾਸਾ ਮੀਡੀਆ ਪ੍ਰਵਕਤਾ ਸਬਰਜੀਤ ਸੋਹੀ, ਸੁਰਜੀਤ ਸੰਧੂ, ਹਰਦੀਪ ਵਾਗਲਾ, ਗੁਰਪ੍ਰੀਤ ਬੱਲ, ਦਲਵੀਰ ਹਲਵਾਰਵੀ, ਵਰਿੰਦਰ ਅਲੀਸ਼ੇਰ, ਤਜਿੰਦਰ ਭੰਗੂ, ਸ਼ਮੀ ਢਿੱਲੋਂ, ਸਤਵਿੰਦਰ ਟੀਨੂੰ ਅਤੇ ਜਗਦੀਪ ਗਿੱਲ ਆਦਿ ਨੇ ਹਿੱਸਾ ਲਿਆ।ਅੰਤ ਵਿੱਚ ਸਤਵਿੰਦਰ ਟੀਨੂੰ (ਕਮੇਟੀ ਪ੍ਰਧਾਨ) ਨੇ ਸਭ ਦਾ ਧੰਨਵਾਦ ਕੀਤਾ ਅਤੇ ਸਟੇਜ਼ ਦਾ ਸੰਚਾਲਨ ਹਰਮਨਦੀਪ ਚੜ੍ਹਿੱਕ ਵੱਲੋਂ ਬਾ-ਖ਼ੂਬੀ ਨਿਭਾਇਆ ਗਿਆ।

ਦੇਸ਼ ਦੀ ਤਰੱਕੀ ਵਿਚ ਭ੍ਰਿਸ਼ਟਾਚਾਰ ਸਭ ਤੋਂ ਵੱਡਾ ਅੜਿੱਕਾ : ਭਾਟੀਆ

ਬਠਿੰਡਾ, 30 ਅਕਤੂਬਰ (ਬੀ ਐੱਸ ਭੁੱਲਰ) ਪੰਜਾਬ ਐਂਡ ਸਿੰਧ ਬੈਂਕ ਵੱਲੋਂ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਗਿਆ, ਜਿਸ ਵਿਚ ਬਠਿੰਡਾ ਰਿਜ਼ਨ ਦੀਆਂ 61 ਬ੍ਰਾਂਚਾਂ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਹਿੱਸਾ ਲਿਆ। ਇਸ ਮੌਕੇ ਬੈਂਕ ਦੇ ਜੋਨਲ ਮੈਨੇਜਰ ਹਰਵਿੰਦਰ ਸਿੰਘ ਭਾਟੀਆ ਨੇ ਕਿਹਾ ਕਿ ਸਾਡੇ ਦੇਸ਼ ਦੀ ਆਰਥਿਕ ਤੇ ਸਮਾਜਿਕ ਤਰੱਕੀ ਵਿੱਚ ਭ੍ਰਿਸ਼ਟਾਚਾਰ ਸਭ ਤੋਂ ਵੱਡਾ ਅੜਿੱਕਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਸਾਡੇ ਦੇਸ਼ ਨੂੰ ਘੁਣ ਵਾਂਗ ਖਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਸਰਕਾਰ, ਹਰ ਨਾਗਰਿਕ ਤੇ ਨਿੱਜੀ ਖੇਤਰ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਇਸ ਕੁਰੀਤੀ ਨੂੰ ਰੋਕਣ ਲਈ ਸਮਾਜ ਨੂੰ ਜਾਗਰੂਕ ਹੋਣ ਦੀ ਲੋੜ ਹੈ।

ਉਹਨਾਂ ਕਿਹਾ ਕਿ ਰਿਸ਼ਵਤ ਦੇਣਾ ਤੇ ਲੈਣਾ ਦੋਵੇਂ ਹੀ ਜੁਰਮ ਹਨ, ਇਸ ਲਈ ਦੇਸ਼ ਦੇ ਹਰ ਨਾਗਰਿਕ ਨੂੰ ਚਾਹੀਦਾ ਹੈ ਕਿ ਜੇਕਰ ਕਿਤੇ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਹੋਣ ਦਾ ਪਤਾ ਲੱਗੇ ਤਾਂ ਉਹ ਇਸਦਾ ਵਿਰੋਧ ਕਰਕੇ ਆਪਣੀ ਇਮਾਨਦਾਰੀ ਤੇ ਦੇਸ਼ ਭਗਤੀ ਦਾ ਸੱਚਾ ਸਬੂਤ ਜ਼ਰੂਰ ਦੇਵੇ। ਇਸ ਮੌਕੇ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਨ ਦੀ ਸਹੁੰ ਚੁੱਕੀ। ਉਨ੍ਹਾਂ ਇਹ ਵੀ ਸਹੁੰ ਚੁੱਕੀ ਕਿ ਜੇਕਰ ਭ੍ਰਿਸ਼ਟਾਚਾਰ ਹੋਣ ਦੀ ਘਟਨਾ ਦੀ ਜਾਣਕਾਰੀ ਮਿਲੇ ਤਾਂ ਉਹ ਉੱਚਿਤ ਏਜੰਸੀ ਨੂੰ ਜਰੂਰ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈਟੀ ਮੈਨੇਜਰ ਰਾਕੇਸ, ਮੈਨੇਜਰ ਤਰਸੇਮ ਲਾਲ, ਹਿੰਦੀ ਅਫ਼ਸਰ ਸਪਨਾ ਖੰਨਾ, ਪੀਏ ਅਨੂੰ ਜਿੰਦਲ, ਮੈਨੇਜਰ ਨਰਿੰਦਰ ਸਮੇਤ ਬੈਂਕ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

ਥਰਮਲ ਬੰਦ ਨਾ ਕਰਨ ਬਾਰੇ ਸੰਘਰਸ਼ ਤੇਜ਼ ਕਰਨ ਦਾ ਐਲਾਨ

ਬਠਿੰਡਾ, 30 ਅਕਤੂਬਰ (ਬੀ ਐੱਸ ਭੁੱਲਰ) ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੇ ਚਾਰੇ ਯੂਨਿਟ ਅਤੇ ਰੋਪੜ ਥਰਮਲ ਪਲਾਂਟ ਦੇ ਦੋ ਯੂਨਿਟ ਪੱਕੇ ਤੌਰ ਤੇ ਬੰਦ ਕਰਨ ਵਿਰੁੱਧ ਚੱਲ ਰਹੇ ਸੰਘਰਸ ਦੀ ਕੜੀ ਵਜੋਂ ਇੰਪਲਾਈਜ ਤਾਲਮੇਲ ਕਮੇਟੀ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਵੱਲੋਂ ਗੇਟ ਤੇ ਰੋਸ ਰੈਲੀ ਕਰਕੇ ਨਾਅਰੇਬਾਜੀ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਕਮੇਟੀ ਆਗੂਆਂ ਨੇ ਦੱਸਿਆ ਕਿ 27 ਅਕਤੂਬਰ ਨੂੰ ਇੰਪਲਾਈਜ ਜੁਇੰਟ ਫੋਰਮ ਅਤੇ ਪੀ ਐਸ ਪੀ ਸੀ ਮੈਨੇਜਮੈਂਟ ਵਿਚਕਾਰ ਹੋਈ ਮੀਟਿੰਗ ਚੋਂ ਵਾਕਆਊਟ ਕੀਤੇ ਜਾਣ ਉਪਰੰਤ ਫੋਰਮ ਵੱਲੋਂ ਉਲੀਕੇ ਸੰਘਰਸ ਦੀ ਜਾਣਕਾਰੀ ਦੇਣ ਲਈ ਕੀਤੀ ਗਈ ਹੈ। ਉਹਨਾਂ ਕਿਹਾ ਕਿ ਜਿੱਥੇ ਜੁਆਇੰਟ ਫੋਰਮ ਵੱਲੋਂ 2 ਨਵੰਬਰ ਤੋ 20 ਨਵੰਬਰ ਤੱਕ ਸਾਰੇ ਪੰਜਾਬ ਵਿੱਚ ਡਵੀਜਨ ਪੱਧਰੀ ਧਰਨੇ ਦਿੱਤੇ ਜਾਣਗੇ ਉਥੇ ਤਾਲਮੇਲ ਕਮੇਟੀ ਵੱਲੋਂ ਸਥਾਨਕ ਥਰਮਲ ਦੇ ਨਜਦੀਕ ਭਾਈ ਘਨੱਈਆ ਚੌਂਕ ਵਿੱਚ 31 ਅਕਤੂਬਰ ਤੋਂ ਲਗਾਤਾਰ ਧਰਨੇ ਦਿੱਤੇ ਜਾਣਗੇ। ਆਗੂਆਂ ਨੇ ਦੱਸਿਆ ਕਿ 21 ਨਵੰਬਰ ਨੂੰ ਹੈੱਡ ਆਫਿਸ ਪਟਿਆਲਾ ਮੂਹਰੇ ਰਾਜ ਪੱਧਰੀ ਧਰਨਾ ਦਿੱਤਾ ਜਾਵੇਗਾ।

ਬੁਲਾਰਿਆਂ ਨੇ ਕਿਹਾ ਕਿ ਥਰਮਲਾਂ ਦੇ ਯੂਨਿਟ ਬੰਦ ਕਰਨ ਅਤੇ ਪਿਛਲੀ ਅਕਾਲੀ ਭਾਜਪਾ ਗੱਠਜੋੜ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਗਲਤ ਬਿਜਲੀ ਖਰੀਦ ਸਮਝੌਤੇ ਕਰਨ ਸਦਕਾ ਬਿਜਲੀ ਦੇ ਰੇਟ ਵਧਾਉਣੇ ਪਏ ਹਨ, ਜਿਸ ਨਾਲ ਖਪਤਕਾਰਾਂ ਤੇ ਬੇਲੋੜਾ ਬੋਝ ਪਿਆ ਹੈ। ਇਹਨਾਂ ਗਲਤ ਸਮਝੌਤਿਆਂ ਸਦਕਾ ਪਾਵਰਕਾਮ ਅਤੇ ਟਰਾਂਸਪੋਰਟ ਦਾ ਵੱਡੀ ਪੱਧਰ ਤੇ ਆਰਥਿਕ ਨੁਕਸਾਨ ਹੋ ਰਿਹਾ ਹੈ, ਇਹ ਸਮਝੌਤੇ ਪ੍ਰਾਈਵੇਟ ਬਿਜਲੀ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਅਤੇ ਮੋਟੇ ਕਮਿਸਨ ਖਾਣ ਲਈ ਕੀਤੇ ਗਏ ਹਨ। ਕਾਂਗਰਸ ਪਾਰਟੀ ਨੇ ਵੀ ਚੋਣਾਂ ਤੋਂ ਪਹਿਲਾਂ ਬਿਜਲੀ ਖਰੀਦ ਸਮਝੌਤਿਆਂ ਦਾ ਰੀਵਿਊ ਕਰਨ ਅਤੇ ਗਲਤ ਸਮਝੌਤਿਆਂ ਕਾਰਨ ਹੋਏ ਆਰਥਿਕ ਨੁਕਸਾਨ ਦਾ ਕਿਸੇ ਤੀਜੀ ਧਿਰ ਤੋਂ ਆਡਿਟ ਕਰਵਾਉਣ ਦਾ ਐਲਾਨ ਕੀਤਾ ਸੀ, ਪਰ ਅਜੇ ਤੱਕ ਮੌਜੂਦਾ ਸਰਕਾਰ ਨੇ ਅਜਿਹਾ ਕੁਝ ਨਹੀਂ ਕੀਤਾ।

ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੇ ਸੁਬਾਈ ਪ੍ਰਧਾਨ ਸ੍ਰੀ ਸੁਨੀਲ ਜਾਖੜ ਮੈਂਬਰ ਲੋਕ ਸਭਾ ਥਰਮਲ ਪਲਾਂਟ ਬੰਦ ਕਰਨ ਦਾ ਵਿਰੋਧ ਕਰਦੇ ਰਹੇ ਹਨ, ਪਰ ਹੁਣ ਰਾਜ ਸਰਕਾਰ ਪਿਛਲੀ ਸਰਕਾਰ ਨੂੰ ਦੋਸ਼ੀ ਗਰਦਾਨ ਕੇ ਇਸ ਮਾਮਲੇ ਤੋਂ ਭੱਜ ਰਹੀ ਹੈ। ਉਹਨਾਂ ਦੱਸਿਆ ਕਿ ਪਿੰਡਾਂ ਦੀਆਂ ਪੰਚਾਇਤਾਂ ਅਤੇ ਨਗਰ ਕੌਂਸਲਾਂ ਵੱਲੋਂ ਮਤੇ ਪਾ ਕੇ ਵੀ ਇਹ ਥਰਮਲ ਬੰਦ ਨਾ ਕਰਨ ਦੀ ਮੰਗ ਕੀਤੀ ਗਈ ਹੈ। ਲੋਕਾਂ ਦੀ ਮੰਗ ਨੂੰ ਸਰਕਾਰ ਵੱਲੋਂ ਪ੍ਰਵਾਨ ਕਰਨਾ ਚਾਹੀਦਾ ਹੈ। ਰੈਲੀ ਨੂੰ ਫੋਰਮ ਦੇ ਆਗੂ ਗੁਰਸੇਵਕ ਸਿੰਘਸੰਧੂ, ਤਾਲਮੇਲ ਕਮੇਟੀ ਦੇ ਕਨਵੀਨਰ ਪ੍ਰਕਾਸ ਸਿੰਘ, ਅਸਵਨੀ ਕੁਮਾਰ ਜਸਵੀਰ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਇਸ ਸੰਘਰਸ ਨੂੰ ਹੋਰ ਤੇਜ ਕੀਤਾ ਜਾਵੇਗਾ।

Panacea Biotec
Innovation in support of life

ਪੈਨਾਸੀਆ ਬਾਇਓਟੈਕ ਲਿਮਟਿਡ
(ਸੀਆਈਐਨ : ਐਲ33117ਪੀਬੀ1984ਪੀਐਲਸੀ022350)
ਰਜਿ. ਦਫ਼ਤਰ : ਅੰਬਾਲਾ ਚੰਡੀਗੜ੍ਹ ਹਾਈਵੇਅ ਲਾਲੜੂ-140501 ਪੰਜਾਬ
ਕਾਰਪੋ. ਦਫ਼ਤਰ ਬੀ-1 Extn/G-3, ਮੋਹਨ ਕੋ-ਆਪ੍ਰੇਟਿਵ ਆਈਐਨਡੀਐਲ ਅਸਟੇਟ, ਮਥੁਰਾ ਰੋਡ ਨਵੀਂ ਦਿੱਲੀ-110044 ਵੈਬਸਾਈਟ : www.panaceabiotec.com
ਈਮੇਲ : companysec@panaceabiotec.com ਫੋਨ : 91 1141679000, ਫੈਕਸ : 91 1141679070

ਨੋਟਿਸ
(ਕੰਪਨੀ ਦੇ ਇਕੁਅਟੀ ਸ਼ੇਅਰ ਹੋਲਡਰ ਦੇ ਧਿਆਨ ਲਈ)
ਕੰਪਨੀ ਦੇ ਇਕੁਅਟੀ ਸ਼ੇਅਰਾਂ ਨੂੰ ਇਨਵੈਸਟਰ ਐਜੂਕੇਸ਼ਨ ਤੇ ਪ੍ਰੋਟੈਕਸ਼ਨ ਫੰਡ (ਆਈਈਪੀਐਫ) ਅਥਾਰਟੀ ਡੀਮੈਟ ਖਾਤੇ ਵਿਚ ਤਬਦੀਲ ਕਰਨ ਵਾਸਤੇ।

ਮਨੀਸਟਰੀ ਆਫ਼ ਕਾਰਪੋਰੇਟ ਅਫੇਅਰਜ਼ ਦੁਆਰਾ ਨੋਟੀਫਾਈਡ ਕੀਤਾ ਜਾਂਦਾ ਹੈ ਕਿ ਇਨਵੈਸਟਰ ਐਜੂਕੇਸ਼ਨ ਐਂਡ ਪ੍ਰਟੈਕਸ਼ਨ ਫੰਡ ਅਥਾਰਟੀ (ਅਕਾਊਂਟਿੰਗ, ਆਡਿਟ, ਤਬਦੀਲੀ ਅਤੇ ਰੀ-ਫੰਡ) ਰੂਲਜ਼ 2016 ਦੁਆਰਾ 5 ਸਤੰਬਰ 2016 ਦੇ (ਆਈਈਪੀਐਫ ਰੂਲ) ਰੂਲਜ਼ ਦੇ ਅਨੁਸਾਰ ਜਿਨ੍ਹਾਂ ਦੇ ਡਿਵੀਡੈਂਡ 7 ਸਾਲਾਂ ਤੋਂ ਕਲੇਮ ਨਹੀ ਕੀਤੇ ਗਏ ਉਨ੍ਹਾਂ ਨੂੰ ਇਨਵੈਸਟਰ ਐਜੂਕੇਸ਼ਨ ਤੇ ਪਰੋਟੈਕਸ਼ਨ ਫੰਡ ਦੇ ਤਹਿਤ ਡੀਮੈਟ ਅਕਾਊਂਟ ਵਿਚ ਟਰਾਂਸਫਰ ਕਰ ਦਿੱਤਾ ਜਾਵੇਗਾ। ਕੰਪਨੀ ਦੇ ਰੂਲ ਅਨੁਸਾਰ 14 ਨਵੰਬਰ 2016 ਨੂੰ ਅੰਦਰੂਨੀ ਮਾਧਿਅਮ ਰਾਹੀਂ ਜਿਨ੍ਹਾਂ ਦੇ ਸ਼ੇਅਰ ਟਰਾਂਸਫਰ ਆਈਈਪੀਐਸ ਵਿਚ ਕੀਤੇ ਗਏ ਹਨ ਅਤੇ ਜਿਨ੍ਹਾਂ ਨੇ ਲਾਭਅੰਸ਼ ਲਈ 7 ਸਾਲਾਂ ਸ਼ੁਰੂਆਤ 2009-10 ਵਿੱਤੀ ਵਰਿਆਂ ਤੋਂ ਕੀਤੀ ਹੈ, ਨੂੰ ਵੱਖਰੇ ਤੌਰ 'ਤੇ ਭੇਜੇ ਗਏ ਹਨ। ਕੰਪਨੀ ਨੇ ਇਸ ਦੇ ਨਾਲ ਹੀ ਜਿਨ੍ਹਾਂ ਸ਼ੇਅਰ ਹੋਲਡਰਾਂ ਦੇ ਸ਼ੇਅਰ ਟਰਾਂਸਫਰ ਟੂਆਈਈਪੀਐਫ ਰਹਿੰਦੇ ਹਨ ਨੂੰ ਵੈਬਸਾਈਟ http://www.panacea-biotec.com/unpaiddividend.html 'ਤੇ ਵੀ ਅਪਲੋਡ ਕੀਤਾ ਜਾ ਸਕਦਾ ਹੈ।

ਇਹ ਨੋਟਿਸ ਮਿਤੀ 15 ਨਵੰਬਰ 2016 ਨੂੰ ਬਿਜ਼ਨਸ ਸਟੈਂਡਰਡ (ਸਾਰੇ ਐਡੀਸ਼ਨ) ਵਿਚ ਪ੍ਰਕਾਸ਼ਤ ਅਤੇ 16 ਨਵੰਬਰ 2016 ਨੂੰ ਦੇਸ਼ ਸੇਵਕ (ਚੰਡੀਗੜ੍ਹ ਐਡੀਸ਼ਨ) ਵਿਚ ਪ੍ਰਕਾਸ਼ਤ ਹੋ ਚੁੱਕਾ ਹੈ ਜਿਸ ਵਿਚ ਕੰਪਨੀ ਦੇ ਇਕੁਅਟੀ ਸ਼ੇਅਰ ਨੂੰ ਨੋਟੀਫਾਈਡ ਕੀਤਾ ਗਿਆ ਹੈ। ਦੱਸੇ ਰੂਲਾਂ ਨੂੰ ਐਮਸੀਏ ਦੀ ਨੋਟੀਫਿਕੇਸ਼ਨ 28 ਫਰਵਰੀ 2017 ਅਨੁਸਾਰ ਬਦਲਿਆ ਗਿਆ ਹੈ, ਸ਼ੇਅਰਾਂ ਦੇ ਟਰਾਂਸਫਰ ਦਾ ਪ੍ਰਸੀਜਰ ਦੁਆਰਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਇਕੁਟੀ ਸ਼ੇਅਰਾਂ ਲਈ ਜਿਨ੍ਹਾਂ ਦਾ ਡੀਵੀਡੈਂਟ ਕਲੇਮ ਨਹੀਂ ਕੀਤਾ ਗਿਆ ਅਤੇ ਜੋ ਪਿਛਲੇ 7 ਸਾਲਾਂ ਜਾਂ ਉਸ ਤੋਂ ਵੱਧ ਤੋਂ ਦਿੱਤਾ ਨਹੀਂ ਗਿਆ ਹੈ। ਕੰਪਨੀ ਦੇ ਅਨੁਸੋਧ ਰੂਲ ਅਨੁਸਾਰ 30.3.2017 ਨੂੰ ਇਕ ਤਾਜ਼ਾ ਇਸ਼ਤਿਹਾਰ ਬਿਜ਼ਨਸ਼ ਸਟੈਂਡਰਡ ਅਤੇ ਦੇਸ਼ ਸੇਵਕ ਵਿਚ ਪ੍ਰਕਾਸ਼ਨ ਕੀਤਾ ਗਿਆ ਜਿਸ ਤਹਿਤ ਸ਼ੇਅਰ ਹੋਲਡਰਾਂ ਨੂੰ ਰਿਵਾਇਸਡ ਪ੍ਰੋਸੀਜਰ ਜੋ ਟਰਾਂਸਫਰ ਆਫ ਸ਼ੇਅਰ ਟੂ ਆਈਪੀਐਫ ਹੈ। ਦੱਸੇ ਗਏ ਅਤੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਡੀਮੈਟ ਖਾਤੇ ਵਿਚ 31 ਮਈ 2017 ਤੱਕ ਸ਼ੇਅਰ ਟਰਾਂਸਫਰ ਦੀ ਆਖਰੀ ਮਿਤੀ ਤੈਅ ਕੀਤੀ ਗਈ ਹੈ। ਜਦਕਿ ਮੋਡੈਲੀਟਿਸ ਜੋ ਟਰਾਂਸਫਰ ਅਤੇ ਟਰਾਂਸਮਿਸ਼ਨ ਆਫ ਕੰਪਨੀ ਦੇ ਸ਼ੇਅਰਾਂ ਦੇ ਲਈ ਡੀਮੈਂਡ ਖਾਤੇ ਆਫ ਆਈਪੀਐਫ ਲਈ ਹੈ ਉਸ ਨੂੰ ਐਮਸੀਏ ਦੁਆਰਾ ਜਲਦੀ ਹੀ ਰਹਿੰਦੀ ਮਿਤੀ ਲਈ ਜਾਰੀ ਕੀਤਾ ਜਾਵੇਗਾ।

ਹੁਣ ਐਮਸੀਏ ਨੂੰ ਆਪਣੇ ਨੋਟੀਫਿਕੇਸ਼ਨ ਮਿਤੀ 13.ਅਕਤੂਬਰ 2017 ਤਹਿਤ ਨਿਰਦੇਸ਼ ਦਿੱਤਾ ਹੈ ਕਿ ਇਨਵੈਸਟਰ ਐਜੂਕੇਸ਼ਨ ਐਂਡ ਪ੍ਰਟੈਕਸ਼ਨ ਫੰਡ ਅਥਾਰਟੀ (ਅਕਾਊਂਟਿੰਗ, ਆਡਿਟ, ਤਬਦੀਲੀ ਅਤੇ ਰੀ-ਫੰਡ) ਦੇ ਰੂਲ 2017 ਦੀ ਦੂਜੀ ਅਨੁਸੋਧ ਅਨੁਸਾਰ ਜਿਵੇਂ ਕਿ ਅਨੁਸੋਧ ਰੂਲ ਹੈ ਇਕੁਟੀ ਸ਼ੇਅਰਾਂ ਜੋ ਡਿਵੀਡੈਂਟ ਸਾਲ 2009-10 ਲਈ 31 ਅਕਤੂਬਰ 2017 ਨੂੰ ਨਿਸ਼ਚਿਤ ਕੀਤਾ ਗਏ ਹਨ, ਲਈ ਆਖਰੀ ਮਿਤੀ ਦਿੱਤੀ ਗਈ ਹੈ।

ਕੰਪਨੀ ਨੂੰ ਅੰਦਰੂਨੀ ਮਾਧਿਅਮ ਰਾਹੀਂ 14 ਅਕਤੂਬਰ 2017 ਇੰਟਰ ਆਲੀਆ ਤਹਿਤ ਨੋਟਿਸ ਭੇਜੇ ਹਨ ਉਨ੍ਹਾਂ ਸੇਅਰ ਹੋਲਡਰਾਂ ਨੂੰ ਜਿਨ੍ਹਾਂ ਦੇਆਈਈਪੀਐਫ ਟਰਾਂਸਫਰ ਅਤੇ ਡਿਵੀਡੈਂਟ ਕਲੇਮ ਨਹੀਂ ਕਿਤੇ ਗਏ ਹਨ। ਪਿਛਲੇ 7 ਸਾਲਾਂ ਦਰਮਿਆਨ ਅਤੇ ਵਿੱਤੀ ਵਰ੍ਹੇ 2009-10 ਦੇ ਲਈ। ਨੋਟਿਸ ਦੁਆਰਾ ਸ਼ੇਅਰਹੋਡਲਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਸਬੰਧਤ ਸ਼ੇਅਰ ਹੋਲਡਰਾਂ ਦੇ ਸ਼ੇਅਰਾਂ ਨੂੰ ਟਰਾਂਸਫਰ ਕਰਨ ਜਾ ਰਹੀ ਹੈ ਜਿਨ੍ਹਾਂ ਦਾ ਡਿਵੀਡੈਂਟ ਕਲੇਮਡ ਨਹੀਂ ਕੀਤਾ ਗਿਆ। ਵਿੱਤੀ ਵਰ੍ਹੇ 2009-10 ਤੋਂ ਸਮੇਤ 30 ਦਿਨਾਂ ਦੇ ਬਕਾਇਆ ਨੋਟਿਸ ਭਾਵ 31 ਅਕਤੂਬਰ 2017 ਤੋਂ ਅਤੇ ਇਸ ਤੋਂ ਬਾਅਦ ਕੋਈਅਨੁਸੋਧ ਰੂਲ ਨੋਟਿਸ ਨਹੀਂ ਭੇਜਿਆ ਜਾਵੇਗਾ।

ਅਨੁਸੋਧ ਰੂਲ ਅਨੁਸਾਰ ਸ਼ੇਅਰ ਹੋਡਲਰਾਂ ਨੇ ਸੇਅਰਾਂ ਨੂੰ ਭੌਤਿਕ ਰੂਪ ਵਿਚ ਰੱਖੇ ਹਨ ਅਤੇ ਆਈਈਪੀਐਫ ਨੂੰ ਦੇਣਦਾਰ ਹਨ, ਉਹ ਕ੍ਰਿਪਾ ਕਰਕੇ ਨੋਟ ਕਰਨ ਕਿ ਕੰਪਨੀ ਨਵੇਂ ਸ਼ੇਅਰ ਸਰਟੀਫਿਕੇਟ ਜਾਰੀ ਕਰਨ ਜਾ ਰਹੀ ਹੈ, ਜੋ ਅਸਲ ਸਰਟੀਫਿਕੇਟਾਂ ਦੀ ਕਾਪੀ ਤਹਿਤ ਡੀਮੈਂਟ ਫੋਮ ਵਿਚਤਬਦੀਲ ਤੇ ਡੀਮੈਟ ਖਾਤੇ ਜੋ ਆਈਈਪੀਐਫ ਅਥਾਰਟੀ ਦੁਆਰਾਸਮੇਤ ਐਨਐਸਡੀਐਲ ਅਤੇ ਸੀਡੀਐਸਐਲ ਰਾਹੀਂ ਪੰਜਾਬ ਨੈਸ਼ਨਲ ਬੈਂਕ ਅਤੇ ਐਸਬੀਆਈ ਕੈਪ ਸਕਿਓਰਿਟੀ ਲਿਮ. ਨੂੰ ਟਰਾਂਸਫਰ ਕਰਨ ਜਾ ਰਹੀ ਹੈ। ਉਪਰੋਕਤ ਦੱਸੇ ਅਨੁਸਾਰ ਅਸਲ ਸਰਟੀਫਿਕੇਟ ਜੋ ਤੁਹਾਡੇ ਨਾਂ 'ਤੇ ਰਜਿਸਟਰਡ ਹਨਆਪਣੇ ਆਪ ਰੱਦ ਹੋ ਜਾਣਗੇ। ਅਤੇ ਨਾਨ ਨੈਗੋਸ਼ੀਏਵਲ ਹੋ ਜਾਣਗੇ। ਇਸ ਦੇ ਨਾਲ ਹੀ ਸ਼ੇਅਰ ਹੋਲਡਰ ਜਿਨ੍ਹਾਂ ਨੇ ਡੀਮੈਂਟ ਸ਼ੇਅਰ ਰੱਖੇ ਹਨ ਉਹ ਇਹ ਵੀ ਨੋਟ ਕਰਨ ਡਿਮੈਂਟ ਅਕਾਊਂਟ ਹਿੱਸੇ ਆਈਈਪੀਐਫ ਅਥਾਰਟੀ ਨੂੰ ਟਰਾਂਸਫਰ ਕੀਤੇ ਜਾ ਰਹੇ ਹਨ। ਜੋ ਕਿ ਕਾਰਪੋਰੇਟ ਐਕਸ਼ਨ ਡਿਪੋਸਟਰੀ ਰੂਪ ਦੁਆਰਾ ਕੀਤੇ ਜਾ ਰਹੇ ਹਨ।

ਉਹ ਸ਼ੇਅਰ ਹੋਲਡਰ ਜਿਨ੍ਹਾਂ ਦੇ ਹੋਲਡਿੰਗ ਸ਼ੇਅਰ ਫਿਜੀਕਲ ਫਾਰਮ ਵਿਚ ਹੋਣ/ਹਨ ਕੰਪਨੀ ਡੂਬਲੀਕੇਟ ਸ਼ੇਅਰ ਸਰਟੀਫਕਟ ਜਾਰੀ ਕਰੇਗੀ, ਅਸਲ ਸਰਟੀਫਿਕੇਟ ਦੇ ਬਦਲੇ ਵਿਚ ਉਨ੍ਹਾਂ ਦੁਆਰਾ ਆਯੋਜਿਤ ਸ਼ੇਅਰ ਤਬਾਦਲੇ ਦੇ ਉਦੇਸ਼ ਲਈ IEPF ਡੀਮੈਟ ਅਕਾਊਂਟ ਰੂਲ ਦੇ ਮੁਤਾਬਕ ਅਤੇ ਅਜਿਹੇ ਮਾਮਲੇ ਤੇ ਸ਼ੇਅਰ ਸਰਟੀਫਕੇਟ ਜੋ ਕਿ ਉਨ੍ਹਾਂ ਦੇ ਨਾਂ 'ਤੇ ਰਸਿਟਰਡ ਹਨ। ਜੋ ਕਿ ਆਪ ਹੀ ਰੱਦ ਹੋ ਜਾਣਗੇ ਅਤੇ ਇਸ ਬਾਰੇ ਹੋਲਡਰ ਮੁੜ ਤੋਂ ਨੋਟ ਕਰਨ ਕਿ ਕੰਪਨੀ ਨੂੰ ਵੇਰਵਾ ਵੈਬਸਾਈਟ 'ਤੇ ਅਪਲੋਡ ਕਰ ਦਿੱਤਾ ਹੈ ਤੇ ਡੁਪਲੀਕੇਟ ਸ਼ੇਅਰ ਸਰਟੀਫਿਕੇਟ ਜਾਰੀ ਕਰਨਾ ਕੰਪਨੀ ਵੱਲੋਂ ਸ਼ੇਅਰਾਂ ਨੂੰ ਆਈਈਪੀਐਫ਼ ਡੀਮੈਟ ਅਕਾਊਂਟ ਵਿਚ ਤਬਦੀਲੀ ਨਿਯਮਾਂ ਦੀ ਪਾਲਣਾ ਅਨੁਸਾਰ ਹੋਵੇਗੀ।

ਕੰਪਨੀ ਨੇ ਸ਼ੇਅਰ ਹੋਲਡਰਾਂ ਅਤੇ ਬਕਾਇਆ ਸ਼ੇਅਰ IEPF ਡੀਮੈਟ ਖਾਤੇ ਦੁਆਰਾ ਤਬਦੀਲੀ ਕਰਨ ਦੀ ਸਾਰੀ ਜਾਣਕਾਰੀ ਆਨਲਾਈਨ ਵੈਬਸਾਈਟ 'ਤੇ ਪਈ ਹੈ। ਸ਼ੇਅਰ ਹੋਲਡਰਾਂ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਦੇ ਬਕਾਇਆ ਡਿਵੀਡੈਂਡ ਜੋ ਕਲੇਮ ਨਹੀਂ ਕੀਤੇ ਗਏ ਹਨ ਉਨ੍ਹਾਂ ਨੂੰ IEPF ਅਥਾਰਟੀ/ਡੀਮੈਟ ਅਕਾਊਂਟ ਵਿਚ ਸਾਰੇ ਸਹੂਲਤਾਂ ਨਾਲ ਤਬਦੀਲ ਕੀਤੇ ਜਾ ਸਕਦੇ ਹਨ, ਸ਼ੇਅਰ ਹੋਲਡਰਾਂ ਨੂੰ ਹਦਾਇਤ ਹੈ ਕਿ ਜੇਕਰ ਅਜਿਹੇ ਡੀਵੀਡੈਂਡ ਹਨ ਤਾਂ ਉਹ ਆਈਈਪੀਐਫ਼ ਅਥਾਰਟੀ ਤੋਂ ਹੇਠ ਦੱਸੇ ਤਰੀਕੇ ਨਾਲ ਵਾਪਸ ਲੈ ਸਕਦੇ ਹੋ। ਸ਼ੇਅਰ ਹੋਲਡਰ ਕਲੇਮ ਕਰਨ ਲਈ ਵੈਬਸਾਈਟ www.mca.gov.in, www.iepf.gov.in ਦਿੱਤੇ ਗਏ ਵੇਰਵੇ ਅਨੁਸਾਰ ਕਲੇਮ ਕਰ ਸਕਦੀ ਹੈ।

ਜੇਕਰ ਸ਼ੇਅਰ ਹੋਲਡਰਾਂ ਨੂੰ ਇਸ ਪੱਖ 'ਤੇ ਕੋਈ ਸ਼ਿਕਾਇਤ ਜਾਂ ਕੁਝ ਪੁੱਛਣਾ ਹੋਵੇ ਤਾਂ ਉਹ ਕੰਪਨੀ companysec@panaceabiotec.com ਜਾਂ ਕੰਪਨੀ ਦੇ ਰਜਿਸਟਰਾਰ, ਟਰਾਂਸਫਰ ਏਜੰਟ ਮੈਸ. ਸਕਾਈਲਾਈਨ ਫਾਇਨਾਂਸ਼ੀਅਲ ਸਰਵਿਸਜ਼ ਪ੍ਰਾ. ਲਿਮ., ਡੀ-163-ਏ ਪਹਿਲੀ ਮੰਜ਼ਿਲ, ਔਖਲਾ ਇੰਡਸਟਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ-110020 ਫੋਨ : 91 1164732661-88, 26812682-83
ਈਮੇਲ : info@skylinerta.com

ਲਈ ਪਨੇਸ਼ੀਆ ਬਾਇਓਟੈਕ ਲਿਮ.
ਸਹੀ/-
ਵਿਨੋਦ ਗੋਇਲ
ਗਰੁੱਪ ਸੀਐਫਓ ਅਤੇ ਹੈਡ ਲੀਗਲ ਅਤੇ ਕੰਪਨੀ ਸਕੱਤਰ

ਸਥਾਨ : ਨਵੀਂ ਦਿੱਲੀ
ਮਿਤੀ : 30 ਅਕਤੂਬਰ 2017

SBI ਸਟੇਟ ਬੈਂਕ ਆਫ ਇੰਡੀਆ — ਕਬਜ਼ਾ ਨੋਟਿਸ

ਆਰਏਸੀਪੀਸੀ, ਐਸਸੀਓ 99-107, ਸੈਕਟਰ 8ਸੀ, ਚੰਡੀਗੜ੍ਹ ਫੋਨ : 0172-2778815, E-mail: b5778@sbi.co.in

ਜਿਵੇਂ ਕਿ ਨਿਮਨ ਹਸਤਾਖਰੀ ਸਟੇਟ ਬੈਂਕ ਆਫ ਪਟਿਆਲਾ (ਹੁਣ ਸਟੇਟ ਬੈਂਕ ਆਫ ਇੰਡੀਆ) ਦਾ ਅਧਿਕਾਰਤ ਅਫ਼ਸਰ ਹੈ। ਸਕਿਓਰਟਾਈਜੇਸ਼ਨ ਅਤੇ ਰੀਕਸਟਰਕਸ਼ਨ ਆਫ ਫਾਈਨਾਂਸੀਅਲ ਅਸੈਟ ਐਂਡ ਇੰਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ 2002 ਅਤੇ ਸਕਿਓਰਿਟੀ ਇੰਟਰਸਟ (ਇੰਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13(12) ਦੇ ਨਾਲ ਪੜ੍ਹੇ ਜਾਂਦੇ ਰੂਲ 3 ਦੇ ਤਹਿਤ ਮਿਲਿਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਡਿਮਾਂਡ ਨੋਟਿਸ ਮਿਤੀ 21.08.2017 ਜਾਰੀ ਕਰਦਿਆਂ ਕਰਜ਼ਦਾਰ ਨਰਿੰਦਰ ਕੁਮਾਰ ਪੁੱਤਰ ਸ੍ਰੀ ਹਰਭਜਨ ਲਾਲ ਅਤੇ ਸ੍ਰੀਮਤੀ ਕੁਲਦੀਪ ਕੌਰ ਪਤਨੀ ਸ੍ਰੀ ਨਰਿੰਦਰ ਕੁਮਾਰ ਵਾਸੀ # 119, ਪਿੰਡ ਤੇ ਡਾਕਖਾਨਾ ਸ਼ਾਹੀਮਾਜਰੀ, ਫੇਸ 5, ਮੋਹਾਲੀ, ਪੰਜਾਬ, ਨੂੰ ਮਿਤੀ 20.08.2017 ਨੂੰ ਬਣਦੀ ਰਕਮ ਰੁ. 13,29,475.00/- (ਤੇਰਾਂ ਲੱਖ ਉਨੱਤੀ ਹਜ਼ਾਰ ਚਾਰ ਸੌ ਪਚੰਤਰ) ਸਮੇਤ ਕੰਟਰੈਕਚੂਅਲ ਰੇਟ 'ਤੇ ਬਣਦਾ ਵਿਆਜ ਅਤੇ ਹੋਰ ਖਰਚੇ ਤੇ ਲਾਗਤਾਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ। ਕਰਜ਼ਦਾਰ ਇਹ ਰਕਮ ਅਦਾ ਕਰਨ ਵਿਚ ਨਾਕਾਮਯਾਬ ਰਿਹਾ ਹੈ। ਸੋ ਕਰਜ਼ਦਾਰ/ਗਰੰਟਰ ਅਤੇ ਆਮ ਜਨ ਸਧਾਰਨ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰਸਟ (ਇੰਟਫੋਰਸਮੈਂਟ) ਰੂਲ ਦੇ ਸੈਕਸ਼ਨ 13(4) ਦੇ ਨਾਲ ਪੜ੍ਹੇ ਜਾਂਦੇ ਰੂਲ 8 ਦੇ ਤਹਿਤ ਮਿਲੀ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠ ਦੱਸੀ ਜਾਇਦਾਦ ਮਿਤੀ 27.10.2017 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰ ਖਾਸ ਕਰਕੇ ਅਤੇ ਆਮ ਜਨ ਸਧਾਰਨ ਨੂੰ ਇਹ ਹਦਾਇਤ ਦਿੱਤੀ ਜਾਂਦੀ ਹੈ ਕਿ ਉਹ ਇਸ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਕਿਉਂਕਿ ਇਹ ਹੁਣ ਸਟੇਟ ਬੈਂਕ ਆਫ ਇੰਡੀਆ (ਸਮੇਤ ਸਟੇਟ ਬੈਂਕ ਆਫ ਪਟਿਆਲਾ) ਮੋਰਿੰਡਾ ਬ੍ਰਾਂਚ ਦਾ ਮਾਮਲਾ ਹੈ ਤੇ ਜੇਕਰ ਕੋਈ ਲੈਣ-ਦੇਣ ਕਰਨ ਦਾ ਹੈ ਤਾਂ ਉਹ ਰੁ. 13,29,475.00/- (ਤੇਰਾਂ ਲੱਖ ਉਨੱਤੀ ਹਜ਼ਾਰ ਚਾਰ ਸੌ ਪਚੰਤਰ) ਮਿਤੀ 20.08.2017 ਤੱਕ ਅਤੇ ਇਸ ਤੋਂ ਬਾਅਦ ਬਣਦੇ ਵਿਆਜ ਦਾ ਦੇਣਹਾਰ ਹੋਵੇਗਾ।

ਗਹਿਣੇ ਪਈ ਅਚੱਲ ਜਾਇਦਾਦ ਦਾ ਵੇਰਵਾ

ਬਰਾਬਰ ਗਹਿਣੇ ਰੱਖਿਆ ਮਕਾਨ ਨੰ. 119, ਮਿਣਤੀ 3 ਮਰਲੇ, 4 ਸਰਸਾਈ ਵਿਚ ਦਰਜ 7/528 ਹਿੱਸੇ ਕੁੱਲ ਜ਼ਮੀਨ ਦੀ ਮਿਣਤੀ 13 ਕਨਾਲ 4 ਮਰਲੇ, ਜਿਸ ਦਾ ਖੇਵਟ/ਖਤੌਨੀ ਨੰ. 37/43 ਖਸਰਾ ਨੰ. 15//2/2 (3-0) 9 (5-8), 10/2 (4-16) ਕਿਟੇ 3 ਰਕਬੇ ਸਥਿਤ ਵਿਖੇ ਸ਼ਾਹੀਮਾਜਰੀ ਫੇਸ 5, ਮੋਹਾਲੀ, ਪੰਜਾਬ ਦਾ ਟਾਈਟਲ ਡੀਡ ਨੰ. 3260 ਮਿਤੀ 19.2.2008 ਅਨੁਸਾਰ ਸ੍ਰੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਹਰਭਜਨ ਲਾਲ ਦੇ ਨਾਂ ਹੈ।

ਮਿਤੀ : 27.10.2017 ਸਥਾਨ : ਚੰਡੀਗੜ੍ਹ ਅਧਿਕਾਰਤ ਅਫਸਰ

ਹਰਿਆਣਾ ਪੀਡਬਲਯੂਡੀ (ਬੀਐਂਡਆਰ) ਪ੍ਰੈਸ ਨੋਟਿਸ

pwd

ਨੰ. 218923/ਆਰ
ਮਿਤੀ 24/10/2017

ਗਵਰਨਰ ਹਰਿਆਣਾ ਆਨਲਾਈਨ ਬੋਲੀ ਰਾਹੀਂ ਵੈਬਸਾਈਟ http://haryanaprocurement.gov.in 'ਤੇ ਯੋਗ ਬੋਲੀਕਾਰਾਂ ਤੋਂ ਹੇਠ ਦਰਸਾਏ ਕੰਮ ਲਈ ਬੋਲੀ ਮੰਗਾਉਂਦੇ ਹਨ।

ਲੜੀ ਨੰ.	ਕੰਮ ਦਾ ਨਾਂ	ਅਨੁਮਾਨਤ ਲਾਗਤ	ਬੋਲੀ ਸਕਿਓਰਿਟੀ ਸੋਸਾਇਟੀ/ਠੇਕੇਦਾਰ	ਬੋਲੀ ਦੀ ਸੁਰੱਖਿਆਤਾ	ਸਮਾਂ ਸੀਮਾ
1.	ਕੁਰੂਕਸ਼ੇਤਰ ਜ਼ਿਲ੍ਹਾ (ਆਈਡੀ 8078) ਤਹਿਤ ਡਬਲਯੂਪੀ 2017-18 ਅਨੁਸਾਰ ਲਡਵਾ ਸ਼ਾਹਬਾਦ ਰੋਡ (ਐਸਐਚ-07) ਨੂੰ 41 ਕਿਲੋਮੀਟਰ ਤੋਂ 43.10 ਅਤੇ 45.50 ਤੋਂ 55.00 ਕਿਲੋਮੀਟਰ ਤੱਕ ਸੁਧਾਰ ਕਰਨ ਲਈ।	ਰੁ. 318.32 ਲੱਖ	ਰੁ. 3.18 ਲੱਖ ਸੋਸਾਇਟੀ ਦੇ/ਰੁ. 6.36 ਲੱਖ ਠੇਕੇਦਾਰ ਲਈ	ਰੁ. 15,000/- (ਨਾ ਮੁੜਨਯੋਗ)	12 ਮਹੀਨੇ

1. ਬੋਲੀ ਬਣਾਉਣ ਅਤੇ ਜਮ੍ਹਾਂ ਕਰਾਉਣ ਦੀ ਮਿਤੀ ਅਤੇ ਸਮਾਂ - 24/10/2017, ਸ਼ਾਮ 5 ਵਜੇ ਤੋਂ 14/11/2017 ਸ਼ਾਮ 5 ਵਜੇ ਤੱਕ
2. ਪ੍ਰੀ-ਬਿਡ ਮੀਟਿੰਗ ਮਿਤੀ 06/11/2017 ਨੂੰ 11.30 ਵਜੇ ਐਗਜ਼ੀਕਿਊਟਿਵ ਇੰਜੀਨੀਅਰ, ਪ੍ਰੋਵਿੰਸ਼ੀਅਲ ਡਵਿਜ਼ਨ ਨੰਬਰ 2, ਪੀਡਬਲਯੂਡੀ (ਬੀਐਂਡਆਰ), ਕੁਰੂਕਸ਼ੇਤਰਾ ਦੇ ਦਫਤਰ ਵਿਖੇ ਹੋਵੇਗੀ
1. ਆਨਲਾਈਨ ਬੋਲੀ ਬਣਾਉਣਾ (ਜਮ੍ਹਾ ਕਰਾਉਣ) ਲਈ ਈ-ਸਰਵਿਸ ਫੀਸ ਰੁਪਏ 1000 ਜਮ੍ਹਾ ਕਰਾਉਣੀ ਹੋਵੇਗੀ।
2. ਈ-ਟੈਂਡਰਿੰਗ ਦੇ ਸਮਾਂ ਸਾਰਣੀ ਅਤੇ ਹੋਰ ਵਧੇਰੇ ਜਾਣਕਾਰੀ ਲਈ ਵੈਬਸਾਈਟ http://haryanapwd-bandr.org / http://haryanaprocurement.gov.in 'ਤੇ ਜਾਓ।

ਲਈ ਅਤੇ ਵੱਲੋਂ : ਹਰਿਆਣਾ ਗਵਰਨਰ
ਸੁਪਰੀਟੈਂਡਿੰਗ ਇੰਜੀਨੀਅਰ
ਅੰਬਾਲਾ ਸਰਕਲ, ਪੀਡਬਲਯੂਡੀ (ਬੀਐਂਡਆਰ), ਅੰਬਾਲਾ ਕੈਂਟ
ਫੋਨ : 0171-2644422
Email: pwd-seambala@hry.nic.in

PRDH-56934

ਕਿਰਤੀ ਲੋਕਾਂ ਵੱਲੋਂ ਫਿਰਕਾਪ੍ਰਸਤੀ ਵਿਰੁੱਧ ਸ਼ਹਿਰ 'ਚ ਵਿਸ਼ਾਲ ਮਸ਼ਾਲ ਮਾਰਚ



ਹੁਸ਼ਿਆਰਪੁਰ, 30 ਅਕਤੂਬਰ (ਬਲਵੀਰ ਸੈਣੀ) ਅੱਜ ਇਥੇ ਦੇਸ਼ ਦੀਆਂ 100 ਤੋਂ ਵੱਧ ਜਮਾਤੀ ਜੱਥੇਬੰਦੀਆਂ ਦੀ ਕਾਲ ਨੂੰ ਮੁੱਖ ਰੱਖਦਿਆਂ ਉਧਮ ਸਿੰਘ ਪਾਰਕ ਵਿੱਚ ਕਿਸਾਨਾਂ-ਮਜ਼ਦੂਰਾਂ ਦਾ ਵਿਸ਼ਾਲ ਇਕੱਠ ਹੋਇਆ, ਜਿਸ ਵਿੱਚ ਜਨਵਾਦੀ ਇਸਤਰੀ ਸਭਾ ਦੀ ਅਗਵਾਈ ਵਿੱਚ ਔਰਤਾਂ ਵੀ ਵੱਡੀ ਗਿਣਤੀ ਵਿੱਚ ਪਹੁੰਚੀਆਂ। ਸੱਭ ਤੋਂ ਪਹਿਲਾਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਕੇਂਦਰ ਸਰਕਾਰ ਦੀਆਂ ਧੰਨਕੁਬੇਰ ਪੱਖੀ ਆਰਥਿਕ ਨੀਤੀਆਂ ਤਖ ਫਿਰਕਾਪ੍ਰਸਤੀ ਦੇ ਵੱਧ ਰਹੇ ਮਾਹੌਲ ਬਾਰੇ ਵਿਸਥਾਰ ਸਹਿਤ ਦਸਿਆਂ ਕਿ ਕਿਰਤੀ ਲੋਕਾਂ ਨੂੰ ਆਪਣਾ ਏਕਾ ਉਸਾਰ ਕੇ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਤੇ ਕਿਸਾਨ ਆਗੂ ਗੁਰਨੇਕ ਸਿੰਘ ਭੱਜਲ, ਹਰਭਜਨ ਸਿੰਘ ਅਟਵਾਲ, ਸੀਟੂ ਆਗੂ ਮਹਿੰਦਰ ਕੁਮਾਰ, ਧੰਨਪਤ, ਕਰਮਜੀਤ ਸਿੰਘ ਰਾਜਪੁਰ ਭਾਈਆਂ। ਸੋਮਨਾਥ ਸਤਨੌਰ, ਸਤੀਸ਼ ਕੁਮਾਰ ਨੇ ਵੀ ਆਪਣੇ ਵਿਚਾਰ ਰੱਖੇ। ਇਕੱਤਰਤਾ ਤੋਂ ਬਾਅਦ ਜਨਵਾਦੀ ਇਸਤਰੀ ਆਗੂ ਪ੍ਰੇਮ ਲਤਾ ਅਤੇ ਸੁਰਿੰਦਰ ਕੌਰ ਨੇ ਬੈਨਰ ਲੈ ਕੇ ਮਾਰਚ ਦੀ ਅਗਵਾਈ ਕੀਤੀ। ਇੰਨ੍ਹਾਂ ਦੇ ਪਿੱਛੇ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਸਰਬਸ੍ਰੀ ਗੁਰਮੇਸ਼ ਸਿੰਘ, ਗੁਰਬਖਸ਼ ਸਿੰਘ ਸੂਸ, ਮਹਿੰਦਰ ਕੁਮਾਰ, ਕਮਲਜੀਤ ਨੇ ਲੱਟ ਲੱਟ ਕਰਦੀਆਂ ਮਿਸ਼ਾਲਾਂ ਲੈ ਕੇ ਫਿਰਕਾਪ੍ਰਸਤੀ ਅਤੇ ਫਾਸ਼ੀ ਸ਼ਕਤੀਆਂ ਵਿਰੁੱਧ ਨਾਅਰੇ ਮਾਰਦੇ ਤੇ ਲਲਕਾਰਦੇ ਹੋਏ ਬਜਾਰਾਂ ਵਿੱਚ ਦੀ ਹੁੰਦੇ ਕਿਰਤ ਸੈਂਟਰ ਪਹੁੰਚੇ। ਕਿਰਤੀਆਂ ਲਈ ਬਣੀ ਹੋਈ ਸ਼ੈਡ ਤੇ ਪਹੁੰਚ ਕੇ ਇਸ ਮਾਰਚ ਨੇ ਰੈਲੀ ਦਾ ਰੂਪ ਧਾਰ ਲਿਆ ਤੇ ਇੱਥੇ ਸਾਥੀ ਗੁਰਮੇਸ਼ ਸਿੰਘ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਆਏ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਕਸਬਿਆਂ ਤੇ ਸ਼ਹਿਰਾਂ ਵਿੱਚ ਆਮ ਲੋਕਾਂ ਨੂੰ ਆਰ.ਐਸ.ਐਸ. ਦੇ ਮਨਸੂਬਿਆਂ ਤੋਂ ਜਾਣੂ ਕਰਾਉਣ ਅਤੇ ਆਪਣਾ ਏਕਾ ਮਜਬੂਤ ਕਰਨ।

OSWAL YARNS LIMITED

Link Road, Industrial Area-A, Ludhiana- 141 003 CIN: L17111PB1982PLC5006
Phone No: 0161-2224256, 2228755 E.mail : oylyarns@rediffmail.com

Extract of Quarterly Financial Results for the Quarter ended 30.09.2017

All figures in Rs Lacs

PARTICULARS	QUARTER ENDED 30.09.2017	QUARTER ENDED 30.09.2016	YEAR ENDED 31.03.2017
Total Income from operations (net)	4.49	120.72	433.95
Net Profit /(Loss) from ordinary activities after tax	(3.78)	1.40	1.13
Net Profit /(Loss) for the period after tax (after Extraordinary items)	(3.78)	1.40	1.13
Equity Share Capital	401	401	401
Reserves (excluding Revaluation Reserve as shown in the Balance Sheet of previous Year)			(17.51)
Earnings per Share (before extraordinary items) (of Rs.10/- each) Basic: Diluted:	(0.09)	0.03	0.03
Earnings per Share (after extraordinary items) (of Rs.10/- each) Basic: Diluted:	(0.09)	0.03	0.03

1. The above is an extract of the detailed format of Quarterly /Annual Financial Results filed with the Stock Exchanges under Regulation 33 of SEBI (Listing and other Disclosure Requirements) Regulations, 2015. The full format of the Quarterly Financial Results are available on the website of the Stock Exchange i.e www.bseindian.com
2. The above results have been reviewed by the Audit Committee and thereafter approved by the Board of Directors at the meeting held on 30,OCT. 2017.

For Oswal Yarns Limited
sd/-
Bharatt Oswall
Director
Din no: 00469332

Date: 30.10.2017
Place: Ludhiana

ਮਮਤਾ ਨਿਕੇਤਨ ਸਕੂਲ 'ਚ ਪੰਜਾਬੀ ਸੁਲੇਖ ਮੁਕਾਬਲਾ ਕਰਵਾਇਆ

ਤਰਨਤਾਰਨ, 30 ਅਕਤੂਬਰ (ਜਸਮੇਲ ਸਿੰਘ ਚੀਦਾ) ਮਮਤਾ ਨਿਕੇਤਨ ਨਿਊ ਜਨਰੇਸ਼ਨ ਸਕੂਲ ਤਰਨਤਾਰਨ ਵਿਖੇ ਬੱਚਿਆਂ ਦੀ ਲਿਖਾਈ ਪ੍ਰਤੀ ਦਿਲਚਸਪੀ ਨੂੰ ਪਰਖਣ ਲਈ ਚੌਥੀ ਅਤੇ ਪੰਜਵੀਂ ਜਮਾਤ ਦਾ ਪੰਜਾਬੀ ਸੁਲੇਖ ਮੁਕਾਬਲਾ ਕਰਵਾਇਆ ਗਿਆ। ਮੁਕਾਬਲੇ ਦੌਰਾਨ ਬੱਚਿਆਂ ਨੇ ਏਨੀ ਰੀਝ ਨਾਲ ਲਿਖਿਆ ਜਿਵੇਂ ਮੋਤੀਆਂ ਦੀ ਮਾਲਾ ਹੀ ਪਰੋਈ ਹੋਵੇ। ਬੱਚਿਆਂ ਦੀ ਏਨੀ ਸੁੰਦਰ ਲਿਖਾਈ ਵੇਖ ਕੇ ਅਧਿਆਪਕਾਂ ਨੂੰ ਉਨ੍ਹਾਂ ਵਿਚੋਂ ਜੇਤੂ ਵਿਦਿਆਰਥੀਆਂ ਦੀ ਚੋਣ ਕਰਨੀ ਹੀ ਮੁਸ਼ਕਿਲ ਹੋ ਗਈ ਪਰ ਫਿਰ ਵੀ ਉਨ੍ਹਾਂ ਨੇ ਸੁੰਦਰ ਲਿਖਾਈ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਵਿਚੋਂ ਜੇਤੂ ਵਿਦਿਆਰਥੀ ਚੁਣੇ। ਚੌਥੀ ਜਮਾਤ ਵਿਚੋਂ ਜਸਮੀਤ ਕੌਰ ਨੇ ਪਹਿਲਾ, ਦਸ਼ਮੀਤ ਕੌਰ ਨੇ ਦੂਸਰਾ ਅਤੇ ਅਨਮੋਲਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਪੰਜਵੀਂ ਜਮਾਤ ਵਿਚੋਂ ਪੁਨੀਤ ਕੌਰ ਨੇ ਪਹਿਲਾ, ਅਮਨਪ੍ਰੀਤ ਕੌਰ ਨੇ ਦੂਸਰਾ ਅਤੇ ਮੁਸਕਾਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।